# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੧੭: ਪਰਵਾਸ (ਕਿਆਮ)

'ਪਰਵਾਸ', 'ਕਿਆਮ', ਇਹ ਬਾਰ੍ਹਾਂ ਸਾਲ ਦੀ ਲੰਬੀ ਉਦਾਸੀ ਤੋਂ ਬਾਅਦ ਪਰਉਪਕਾਰੀ ਮੁਸਾਫ਼ਰ ਦੀ ਪੰਜ ਨਦੀਆਂ ਦੀ ਧਰਤੀ ਉੱਤੇ ਘਰ ਵਾਪਸੀ ਹੈ ਜਿੱਥੋਂ ਜਲਦੀ ਹੀ ਅਗਲੀ ਉਦਾਸੀ ਸ਼ੁਰੂ ਹੁੰਦੀ ਹੈ। ਇਹ ਉਨ੍ਹਾਂ ਸੰਤਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਦੀ ਹੈ ਜਿਨ੍ਹਾਂ ਦੇ ਰੂਹਾਨੀ ਅਮਲ ਗੁਰੂ ਨਾਨਕ ਨਾਲ ਮੇਲ਼ ਖਾਂਦੇ ਹਨ।

ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ॥
ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ॥
(ਰਾਗ ਮਲਾਰ, ਗੁਰੂ ਨਾਨਕ)

ਜਿਸ ਤਰ੍ਹਾਂ ਦੀ ਜੀਵਨ ਦੀ ਰੁੱਤ ਹੈ, ਉਸੇ ਤਰ੍ਹਾਂ ਦੀ ਕਾਇਆ ਹੈ।
ਹੇ ਨਾਨਕ! ਉਹ ਰੁੱਤ ਸੁਹਾਵਣੀ ਹੈ ਜਦੋਂ ਮਨੁੱਖ ਆਤਮ ਪੜਚੋਲ ਕਰਦਾ ਹੈ। ਜੇ ਮਨੁੱਖ ਆਪਣੇ ਅੰਦਰ ਝਾਤ ਨਾ ਮਾਰੇ ਤਾਂ ਉਹ ਕਿਸ ਤਰ੍ਹਾਂ ਦੀ ਰੁੱਤ ਹੋਵੇਗੀ?
(ਰਾਗ ਮਲਾਰ, ਗੁਰੂ ਨਾਨਕ)

ਜਿਵੇਂ ਧਰਤੀ ਦਾ ਸੂਰਜ ਦੁਆਲੇ ਚੱਕਰ ਮੌਸਮ ਵਿੱਚ ਤਬਦੀਲੀ ਲਿਆਉਂਦਾ ਹੈ, ਉਸੇ ਤਰ੍ਹਾਂ ਹਾਲਾਤ ਮਨੁੱਖਾ ਮਿਜ਼ਾਜ ਉੱਤੇ ਅਸਰਅੰਦਾਜ਼ ਹੁੰਦੇ ਹਨ। ਗੁਰੂ ਨਾਨਕ ਨੇ ਫ਼ਰਮਾਇਆ ਕਿ ਹਾਲਾਤ ਤੋਂ ਸਿੱਖ ਕੇ ਕੀਤੀ ਆਤਮ ਪੜਚੋਲ ਰਾਹੀਂ ਅਸੀਂ ਲਾਹਾ ਖੱਟ ਸਕਦੇ ਹਾਂ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਚਿਤੌੜਗੜ੍ਹ ਤੋਂ ਉੱਤਰ ਵਾਲੇ ਪਾਸੇ ਦਾ ਸਫ਼ਰ ਕੀਤਾ ਅਤੇ ਅਜਮੇਰ, ਪੁਸ਼ਕਰ, ਮਥੁਰਾ, ਦਿੱਲੀ, ਪਾਣੀਪਤ, ਤਖ਼ਤੂਪੁਰਾ, ਸੁਲਤਾਨਪੁਰ ਲੋਧੀ, ਪੱਟੀ, ਘਵਿੰਡੀ, ਜਾਹਮਣ ਤੋਂ ਡੇਰਾ ਚਾਹਲ ਰਾਹੀਂ ਹੁੰਦੇ ਹੋਏ ਨਨਕਾਣਾ ਸਾਹਿਬ ਪਹੁੰਚੇ। ਸਭ ਤੋਂ ਪਹਿਲਾਂ ਉਨ੍ਹਾਂ ਨੇ ਚਿਤੌੜਗੜ੍ਹ ਤੋਂ ਅਜਮੇਰ ਦਾ ਸਫ਼ਰ ਕੀਤਾ।

ਮੈਂ ਹਜ਼ਰਤ ਖਵਾਜ਼ਾ ਸੰਗ ਧਮਾਲ ਖੇਡਣੀ ਹੈ।

ਅਜਮੇਰ ਸ਼ਹਿਰ ਇੰਡੀਆ ਦੇ ਸੂਬੇ ਰਾਜਸਥਾਨ ਵਿੱਚ ਅਨਾਸਾਗਰ ਝੀਲ ਦੇ ਦੁਆਲੇ ਆਬਾਦ ਹੈ।

**ਅਮਰਦੀਪ ਸਿੰਘ:** ਅਰਾਵਲੀ ਪਹਾੜੀਆਂ ਵਿੱਚ ਵਸੇ ਸ਼ਹਿਰ ਅਜਮੇਰ ਨੂੰ ਖਵਾਜ਼ਾ ਮੁਈਨੂਦੀਨ ਚਿਸ਼ਤੀ ਦੀ ਦਰਗਾਹ ਲਈ ਜਾਣਿਆ ਜਾਂਦਾ ਹੈ ਅਤੇ ਇਹ ਸ਼ਹਿਰ ਪੁਸ਼ਕਰ ਦਾ ਬੂਹਾ ਮੰਨਿਆ ਜਾਂਦਾ ਹੈ।

ਮੈਂ ਹਜ਼ਰਤ ਖਵਾਜ਼ਾ ਸੰਗ ਧਮਾਲ ਖੇਡਣੀ ਹੈ।

ਅਸੀਂ ਖਵਾਜ਼ਾ ਮੁਈਨੂਦੀਨ ਚਿਸ਼ਤੀ ਦੀ ਦਰਗਾਹ ਉੱਤੇ ਜਾ ਰਹੇ ਹਾਂ ਜੋ ਤਾਰਾਗੜ੍ਹ ਪਹਾੜੀ ਦੇ ਪੈਰਾਂ ਵਿੱਚ ਹੈ।

ਮੈਂ ਹਜ਼ਰਤ ਖਵਾਜ਼ਾ ਸੰਗ ਧਮਾਲ ਖੇਡਣੀ ਹੈ।

ਖਵਾਜ਼ਾ ਮੁਈਨੂਦੀਨ ਚਿਸ਼ਤੀ ਦਾ ਜਨਮ ਬਾਰ੍ਹਵੀਂ ਸਦੀ ਦੌਰਾਨ ਇਰਾਨ ਵਿੱਚ ਸਿਸਤਾਨ ਵਿਖੇ ਹੋਇਆ ਪਰ ਇਹ ਸੂਫ਼ੀ ਸੰਤ ਨੇ ਅਜਮੇਰ ਵਿੱਚ ਟਿਕਾਣਾ ਕੀਤਾ। ਉਨ੍ਹਾਂ ਨੂੰ ਚਿਸ਼ਤੀ ਸਿਲਸਿਲੇ ਨਾਲ ਬਰੇ-ਸਗੀਰ ਦੀ ਜਾਣ-ਪਛਾਣ ਕਰਵਾਉਣ ਦਾ ਮਾਣ ਹਾਸਿਲ ਹੈ।

ਬਾਈਸ ਖਵਾਜਾ ਮਿਲ ਬਨ ਆਇਓ

'ਚਿਸ਼ਤੀ' ਸਿਲਸਿਲੇ ਦੇ ਅਮਲ ਵਿੱਚ 'ਸਾਮਾ' ਅਹਿਮ ਹੈ ਜਿਸ ਵਿੱਚ ਕੱਵਾਲੀ ਦੇ ਗਾਇਨ ਰਾਹੀਂ ਖ਼ੁਦਾਈ ਨੂੰ ਹਾਜ਼ਿਰ ਹੋਣ ਦੀਆਂ ਸੱਦਾਂ ਮਾਰੀਆਂ ਜਾਂਦੀਆਂ ਹਨ।

(ਕਵਾਲੀ)

ਗੁਰੂ ਨਾਨਕ ਨੇ ਪਾਕਪਟਨ ਦੇ ਵਾਸੀ ਬਾਬਾ ਸ਼ੇਖ ਫ਼ਰੀਦ ਸ਼ਕਰਗੰਜ ਦੀ ਬਾਣੀ ਇਕੱਤਰ ਕੀਤੀ ਜੋ ਬਾਅਦ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤੀ ਗਈ। ਖਵਾਜ਼ਾ ਮੁਈਨੂਦੀਨ ਚਿਸ਼ਤੀ ਦੇ ਨਾਮੀ ਸ਼ਗਿਰਦਾਂ ਵਿੱਚ ਬਾਬਾ ਫ਼ਰੀਦ ਸ਼ਾਮਿਲ ਸਨ। ਬਾਬਾ ਫ਼ਰੀਦ ਨੇ ਚੋਖਾ ਸਮਾਂ ਇਸ ਦਰਗਾਹ ਦੀ ਹਾਜ਼ਰੀ ਭਰੀ। ਉਨ੍ਹਾਂ ਦੀ ਯਾਦਗਾਰ ਇੱਥੇ ਬਣੀ ਹੋਈ ਹੈ।

ਇਸ ਦਰਗਾਹ ਵਿੱਚ ਗੁਰੂ ਨਾਨਕ ਦੀ ਮੁਲਾਕਾਤ ਖਵਾਜ਼ਾ ਮੁਈਨੂਦੀਨ ਚਿਸ਼ਤੀ ਦੇ ਚੇਲਿਆਂ, ਅੱਲਾਉਦੀਨ ਅਤੇ ਸਗਰਾਸੂਦੀਨ ਨਾਲ ਹੋਈ। ਉਨ੍ਹਾਂ ਨੇ ਰੋਜ਼ਾਨਾ ਦੀਆਂ ਲਾਜ਼ਮੀ ਪੰਜ ਨਵਾਜ਼ਾਂ ਵਿੱਚ ਕਾਜ਼ੀ ਦੀ ਜ਼ਿੰਮੇਵਾਰੀ ਬਾਰੇ ਗੋਸ਼ਟਿ ਕੀਤਾ। ਗੁਰੂ ਨਾਨਕ ਨੇ ਗਾਇਨ ਕੀਤਾ,

ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ॥
ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ॥
ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ॥
ਨਾਨਕੁ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ॥
(ਸਿਰੀ ਰਾਗ, ਗੁਰੂ ਨਾਨਕ)

ਉਹ ਮਨੁੱਖ ਕਾਜ਼ੀ ਹੋ ਸਕਦਾ ਹੈ ਜੋ ਹੰਕਾਰ ਤੋਂ ਛੁਟਕਾਰਾ ਪਾ ਲਵੇ ਅਤੇ ਵਹਿਦਤ ਦੇ ਨੇਮ ਮੁਤਾਬਕ ਜੀਵਨ ਬਸਰ ਕਰੇ।

---

ਉਹ ਸੀ, ਉਹ ਹੈ ਅਤੇ ਉਹ ਸਦਾ ਰਹੇਗਾ। ਉਹ ਨਾ ਪੈਦਾ ਹੁੰਦਾ ਹੈ ਅਤੇ ਨਾ ਮਰਦਾ ਹੈ, ਸੱਚਾ ਸਿਰਜਣਹਾਰਾ।
ਕੋਈ ਪੰਜ ਨਵਾਜ਼ਾਂ ਪੜ੍ਹੇ ਜਾਂ ਕੁਰਾਨ ਪੜ੍ਹੇ।
ਨਾਨਕ ਫ਼ਰਮਾਇਆ ਕਿ ਜਦੋਂ ਕਬਰ ਦਾ ਸੱਦਾ ਆਵੇਗਾ ਤਾਂ ਖਾਣਾ-ਪੀਣਾ ਖ਼ਤਮ ਹੋ ਜਾਵੇਗਾ।
(ਸਿਰੀ ਰਾਗ, ਗੁਰੂ ਨਾਨਕ)

ਇਬਾਦਤ ਦਾ ਮਕਸਦ ਤਾਂ ਮਨ ਨੂੰ ਦੁਨਿਆਵੀ ਕੰਮ-ਕਾਰ ਤੋਂ ਅੱਗੇ ਦਾ ਇਰਾਦਾ ਕਰਨ ਲਈ ਪ੍ਰੇਰਨਾ ਦੇਣਾ ਹੈ। ਗੁਰੂ ਨਾਨਕ ਨੇ ਫ਼ਰਮਾਇਆ ਕਿ ਲਿੰਗ, ਮਜ਼ਹਬ ਅਤੇ ਰੁਤਬੇ ਦੀਆਂ ਤਰਫ਼ਦਾਰੀਆਂ ਤੋਂ ਉੱਪਰ ਉੱਠਣ ਅਤੇ ਵਹਿਦਤ ਦੇ ਵਡੇਰੇ ਮਕਸਦ ਤੋਂ ਬਿਨਾਂ ਦਸਤੂਰੀ ਜਾਪ ਬੇਮਾਅਨਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਅਜਮੇਰ ਤੋਂ ਅਰਾਵਲੀ ਪਹਾੜੀਆਂ ਪਾਰ ਕੀਤੀਆਂ ਅਤੇ ਨੇੜਲੇ ਸ਼ਹਿਰ ਪੁਸ਼ਕਰ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਪੁਸ਼ਕਰ ਜਾ ਰਹੇ ਹਾਂ ਜਿਸ ਨੂੰ ਹਿੰਦੂ ਸਮਾਜ ਵਿੱਚ 'ਤੀਰਥ-ਰਾਜ' ਦਾ ਰੁਤਬਾ ਹਾਸਿਲ ਹੈ।

**ਅਮਰਦੀਪ ਸਿੰਘ:** ਪੁਸ਼ਕਰ ਸ਼ਬਦ ਦਾ ਮਾਅਨਾ 'ਕਮਲ ਦਾ ਫੁੱਲ' ਹੈ ਜਿਸ ਨੂੰ ਬ੍ਰਹਮਾ ਦਾ ਆਸਣ ਮੰਨਿਆ ਜਾਂਦਾ ਹੈ। ਹਿੰਦੂ ਧਰਮ ਦੀ ਤ੍ਰਿਮੂਰਤੀ ਵਿੱਚ ਬ੍ਰਹਮਾ ਦੀ ਪੂਜਾ ਕਾਇਨਾਤ ਦੇ ਸਿਰਜਣਹਾਰੇ ਵਜੋਂ ਹੁੰਦੀ ਹੈ।

ਮਸ਼ਹੂਰ ਪੁਸ਼ਕਰ ਝੀਲ ਦੇ ਦੁਆਲੇ ਬਵੰਜਾ ਘਾਟ ਹਨ ਅਤੇ ਅੱਗੇ ਕਈ ਮੰਦਿਰ ਹਨ। ਇਨ੍ਹਾਂ ਵਿੱਚੋਂ ਇੱਕ ਘਾਟ ਦਸਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਨੂੰ ਮਨਸੂਬ ਹੈ।

ਪੁਸ਼ਕਰ ਝੀਲ ਦੇ ਲਾਗੇ ਜਗਤਪਿਤਾ ਬ੍ਰਹਮਾ ਮੰਦਿਰ ਹੈ। ਕਿਹਾ ਜਾਂਦਾ ਹੈ ਕਿ ਇਹ ਹਿੰਦੂ ਧਰਮ ਦੀ ਤ੍ਰਿਮੂਰਤੀ ਵਿੱਚ ਕਾਇਨਾਤ ਦੇ ਸਿਰਜਣਹਾਰੇ ਵਜੋਂ ਸ਼ਾਮਿਲ ਭਗਵਾਨ ਬ੍ਰਹਮਾ ਨੂੰ ਮਨਸੂਬ ਕੀਤਾ ਹੋਇਆ ਇੱਕੋ-ਇੱਕ ਮੰਦਿਰ ਹੈ।

ਅਸੀਂ ਹੁਣ ਪੁਸ਼ਕਰ ਗੁਰਦਵਾਰੇ ਜਾ ਰਹੇ ਹਾਂ।

ਅਮਰਦੀਪ ਸਿੰਘ: ਇਹ ਗੁਰਦਵਾਰਾ ਗੁਰੂ ਨਾਨਕ ਦੇ ਮੰਦਿਰਾਂ ਦੇ ਸ਼ਹਿਰ ਵਿੱਚ ਆਉਣ ਦੀ ਯਾਦ ਵਿੱਚ ਬਣਿਆ ਹੋਇਆ ਹੈ।

ਪੁਸ਼ਕਰ ਸਿਰਫ਼ ਤੀਰਥ ਅਸਥਾਨ ਵਜੋਂ ਮਸ਼ਹੂਰ ਨਹੀਂ ਹੈ ਸਗੋਂ ਇੱਥੇ ਇੰਡੀਆ ਦਾ ਸਭ ਤੋਂ ਵੱਡਾ ਊਠਾਂ ਅਤੇ ਪਸ਼ੂਆਂ ਦਾ ਮੇਲਾ ਲਗਦਾ ਹੈ ਜਿਸ ਨੂੰ 'ਕਾਰਤਿਕ ਮੇਲਾ' ਕਹਿੰਦੇ ਹਨ। ਤੀਰਥ ਯਾਤਰੀਆਂ ਅਤੇ ਸੌਦਾਗਰਾਂ ਤੋਂ ਇਲਾਵਾ ਇਹ ਮੇਲਾ ਸੈਲਾਨੀਆਂ ਦੀ ਖਿੱਚ ਦਾ ਵੀ ਸਬੱਬ ਬਣਦਾ ਹੈ।

'ਸੁਪਨਾ' ਗਹਿਰੀ ਨੀਂਦ ਦੀ ਅਵਸਥਾ ਹੈ ਪਰ ਚੇਤਨਾ ਸਦਾ ਸੁਚੇਤ ਰਹਿੰਦੀ ਹੈ। ਲੋਕਾਂ ਨੂੰ ਬੇਸ਼ੁਮਾਰ ਕੰਮਾਂ ਵਿੱਚ ਰੁਝੇ ਦੇਖ ਕੇ ਮੈਂ ਸੋਚਦਾ ਹਾਂ ਕਿ ਦੁਨੀਆ ਸੁਤੇ-ਸਿੱਧ ਹੀ ਰੋਜ਼ਾਨਾ ਕੰਮਾਂ-ਕਾਰਾਂ ਦੀ ਆਦੀ ਹੋਈ ਪਈ ਹੈ। ਗੁਰੂ ਨਾਨਕ ਸੁਚੇਤ ਚੇਤਨਾ ਦੀ ਅਵਸਥਾ ਵਿੱਚ ਜਾਣ ਦੇ ਆਰਜ਼ੂਮੰਦ ਹਨ।

ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥
(ਰਾਗ ਵਡਹੰਸ, ਗੁਰੂ ਨਾਨਕ)

ਸੁਫ਼ਨੇ ਵਿੱਚ ਮੇਰਾ ਸੱਚਾ ਆਪਾ ਆਇਆ ਅਤੇ ਗਾਇਬ ਹੋ ਗਿਆ। ਮੈਂ ਜ਼ਾਰ-ਜ਼ਾਰ ਰੋਇਆ।
ਮੇਰੇ ਪਿਆਰੇ, ਨਾ ਮੈਨੂੰ ਕੋਈ ਬੋਧ ਹੋ ਰਿਹਾ ਹੈ ਅਤੇ ਨਾ ਮੈਂ ਕਿਸੇ ਨੂੰ ਪ੍ਰੇਰਨਾ ਦੇ ਸਕਦਾ ਹਾਂ।
ਆ ਮੇਰੀ ਸੁਭਾਗੀ ਨੀਂਦੜੀਏ, ਸ਼ਾਇਦ ਮੈਂ ਆਪਣੇ ਸੱਚੇ ਆਪੇ ਨੂੰ ਮੁੜ ਦੇਖ ਸਕਾਂ।
(ਰਾਗ ਵਡਹੰਸ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪੁਸ਼ਕਰ ਤੋਂ ਮਥੁਰਾ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਮਥੁਰਾ ਜਾ ਰਹੇ ਹਾਂ।

ਮਥੁਰਾ ਸ਼ਹਿਰ ਇੰਡੀਆ ਦੇ ਸੂਬੇ ਉੱਤਰ ਪ੍ਰਦੇਸ਼ ਵਿੱਚ ਜਮੁਨਾ ਨਦੀ ਦੇ ਕਿਨਾਰੇ ਵੱਸਿਆ ਹੈ। ਇਹ ਹਿੰਦੂ ਧਰਮ ਦੀ 'ਸਪਤਪੁਰੀ' ਵਿੱਚ ਸ਼ਾਮਿਲ ਹੈ ਜਿਸ ਤਹਿਤ ਸੱਤ ਸ਼ਹਿਰਾਂ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਮਥੁਰਾ ਭਗਵਾਨ ਕ੍ਰਿਸ਼ਨ ਦੀ ਜਨਮ ਭੂਮੀ ਹੈ।

ਮਜ਼ਹਬੀ ਅਹਿਮੀਅਤ ਦਾ ਅਸਥਾਨ ਹੋਣ ਕਾਰਨ ਮਥੁਰਾ ਵਿੱਚ ਰੂਹਾਨੀਅਤ ਦੇ ਆਰਜ਼ੂਮੰਦ ਜੁੜਦੇ ਸਨ। ਇਨ੍ਹਾਂ ਲੋਕਾਂ ਨਾਲ ਗੋਸ਼ਟਿ ਕਰਨ ਲਈ ਗੁਰੂ ਨਾਨਕ ਇਸ ਸ਼ਹਿਰ ਵਿੱਚ ਆਏ ਸਨ।

'ਮਿਹਰਬਾਨ ਜਨਮਸਾਖੀ' ਵਿੱਚ ਦਰਜ ਹੈ ਕਿ ਗੁਰੂ ਨਾਨਕ ਅਤੇ ਭਾਈ ਮਰਦਾਨਾ ਮਥੁਰਾ ਵਿੱਚ ਆਪਣੇ ਕਿਆਮ ਦੌਰਾਨ ਕੇਸ਼ਵ ਦੇਵ ਮੰਦਿਰ ਗਏ ਜੋ ਭਗਵਾਨ ਕ੍ਰਿਸ਼ਨ ਦੇ ਜਨਮ ਨੂੰ ਮਨਸੂਬ ਹੈ।

ਅਸੀਂ ਕ੍ਰਿਸ਼ਨ ਜਨਮ ਅਸਥਾਨਮ ਮੰਦਿਰ ਜਾ ਰਹੇ ਹਾਂ ਜੋ ਉੱਨੀ ਸੌ ਤਰਵੰਜਾ ਵਿੱਚ ਬਣਾਇਆ ਗਿਆ ਸੀ। ਪਹਿਲਾਂ ਇਸੇ ਅਸਥਾਨ ਉੱਤੇ ਕੇਸ਼ਵ ਦੇਵ ਮੰਦਿਰ ਹੁੰਦਾ ਸੀ।

ਭਗਵਾਨ ਕ੍ਰਿਸ਼ਨ ਦੇ ਮਹਾਂਕਾਵਿ ਮਹਾਭਾਰਤ ਵਿੱਚ ਦਿੱਤੇ 'ਗੀਤਾ ਸਾਰ' ਦਾ ਨਿਚੋੜ ਮੋਹ ਦਾ ਤਿਆਗ ਕਰਨਾ ਸੀ। ਵਿਵੇਕ ਦੀ ਥਾਹ ਪਾਉਣ ਲਈ ਇਸ ਦੇ ਤੱਤਾਂ ਨੂੰ ਤਸ਼ਬੀਹਾਂ ਵਜੋਂ ਸਮਝਣਾ ਪੈਂਦਾ ਹੈ। ਪੰਜ ਪਾਂਡਵ ਭਰਾ ਸਰੀਰ ਦੀਆਂ ਪੰਜ ਗਿਆਨ ਇੰਦਰੀਆਂ ਦੀ ਨੁਮਾਇੰਦਗੀ ਕਰਦੇ ਹਨ ਜੋ ਅਨੁਭਵ, ਅਧਿਐਨ, ਸੁਣਨ,

ਸੋਚ-ਵਿਚਾਰ ਅਤੇ ਗੋਸ਼ਟਿ ਵਿੱਚ ਸਹਾਈ ਹੁੰਦੀਆਂ ਹਨ। ਇਹ ਪੂਰੀ ਤਰਕੀਬ ਉਨ੍ਹਾਂ ਦੀ ਹਮਰਾਹੀ 'ਦਰੋਪਦੀ' ਦੀ ਹਮਾਇਤ ਨਾਲ ਸਿਰੇ ਚੜ੍ਹਦੀ ਹੈ ਜੋ ਯਕੀਨ ਦੀ ਨੁਮਾਇੰਦਗੀ ਕਰਦੀ ਹੈ। ਉਨ੍ਹਾਂ ਦੇ ਵਿਰੋਧੀ ਸੌ ਕੌਰਵ ਭਰਾ ਹਨ ਜੋ ਮਨ ਉੱਤੇ ਤਾਰੀ ਹੋਣ ਵਾਲੀ ਵੱਖ-ਵੱਖ ਤਰ੍ਹਾਂ ਦੀ ਅਗਿਆਨਤਾ ਦੀ ਨੁਮਾਇੰਦਗੀ ਕਰਦੇ ਹਨ। ਜੰਗ ਦੇ ਮੈਦਾਨ ਵਿੱਚ ਕ੍ਰਿਸ਼ਨ ਰਥਵਾਨ ਵਜੋਂ ਪੰਜ ਘੋੜਿਆਂ ਵਾਲਾ ਰੱਥ ਹੱਕਦੇ ਹਨ ਜੋ ਮਨੁੱਖਾ ਸੋਝੀ ਦੇ ਪੰਜ ਤੱਤਾਂ ਦੀ ਨੁਮਾਇੰਦਗੀ ਕਰਦੇ ਹਨ। ਕ੍ਰਿਸ਼ਨ ਆਪ ਜਾਣੀ-ਜਾਣ, ਹਾਜ਼ਰਾ-ਹਜ਼ੂਰ ਅਤੇ ਮਨੁੱਖਾ ਸ਼ਊਰ ਦੀ ਨੁਮਾਇੰਦਗੀ ਕਰਦੇ ਹਨ ਜੋ ਰੂਹਾਨੀ ਫ਼ਤਿਹ ਵਿੱਚ ਸਹਾਈ ਹੁੰਦੇ ਹਨ।

ਫ਼ਲਸਾਫ਼ੀ ਡੂੰਘਾਣਾਂ ਨੂੰ ਫਰੋਲਦੇ ਅਤੇ ਸਮਝਦੇ ਹੋਏ ਮਹਾਂਕਾਵਿ ਮਨੁੱਖਾ ਫ਼ਿਤਰਤ ਬਾਰੇ ਇਲਮਿ-ਹਿਯਾਤ ਦੀ ਸੂਝ ਪੈਦਾ ਕਰਦੇ ਹਨ। ਇਸ ਤੋਂ ਬਿਨਾਂ ਤਾਂ ਇਹ ਸੰਕੇਤਕ ਮਜ਼ਹਬੀ ਲਿਖਤਾਂ ਤੱਕ ਮਹਿਦੂਦ ਰਹਿੰਦੇ ਹਨ।

ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ॥
(ਰਾਗ ਆਸਾ, ਗੁਰੂ ਨਾਨਕ)

ਬਹੁਤ ਸਾਰੀਆਂ ਰੂਹਾਨੀ ਕਹਾਣੀਆਂ ਹਨ ਅਤੇ ਗ੍ਰੰਥਾਂ ਬਾਰੇ ਬਹੁਤ ਸਾਰੇ ਵਿਚਾਰ ਹਨ।
(ਰਾਗ ਆਸਾ, ਗੁਰੂ ਨਾਨਕ)

ਅਜ਼ਲਾਂ ਤੋਂ ਸਭ ਮਜ਼ਹਬਾਂ ਦੇ ਬੁਨਿਆਦੀ ਫ਼ਲਸਫ਼ੇ ਇੱਕੋ ਡੂੰਘਾ ਸੁਨੇਹਾ ਦਿੰਦੇ ਹਨ। ਸਮੇਂ ਦੇ ਨਾਲ ਇਨ੍ਹਾਂ ਦਾ ਬਿਆਨੀਆ ਨਵਾਂ ਹੁੰਦਾ ਰਹਿੰਦਾ ਹੈ। ਗੁਰੂ ਨਾਨਕ ਨੇ ਯਾਦ-ਦਹਾਨੀ ਕੀਤੀ ਕਿ ਅਨੇਕ ਗ੍ਰੰਥ ਹਨ, ਅਨੇਕ ਬਹਿਸ-ਮੁਬਾਹਸੇ ਹਨ ਅਤੇ ਅਨੇਕ ਟੀਕੇ ਹਨ। ਇਸ ਦੇ ਬਾਵਜੂਦ ਮਹਿਜ਼ ਸ਼ਬਦਾਂ ਨਾਲ ਵਿਵੇਕ ਹਾਸਿਲ ਨਹੀਂ ਕੀਤਾ ਜਾ ਸਕਦਾ।

ਕੇਸ਼ਵ ਦੇਵ ਮੰਦਿਰ ਵਿੱਚ ਗੋਸ਼ਟਿ ਦੌਰਾਨ ਵੈਸ਼ਨਵ ਮਤ ਦੇ ਜ਼ਿਆਰਤੀਆਂ ਨੇ ਗੁਰੂ ਨਾਨਕ ਨੂੰ ਸੁਆਲ ਕੀਤਾ ਕਿ ਨਿਰੰਕਾਰ ਨਾਲ ਇੱਕ-ਮਿੱਕ ਹੋਣ ਲਈ ਕਿਹੜੀ ਸੇਵਾ ਦਰਕਾਰ ਹੈ ਅਤੇ ਕਿਹੜਾ ਕਾਇਦਾ ਹੈ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਆ,

ਸਹਜਿ ਮਿਲੈ ਮਿਲਿਆ ਪਰਵਾਣੁ॥
ਨਾ ਤਿਸੁ ਮਰਣੁ ਨ ਆਵਣੁ ਜਾਣੁ॥
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ॥
ਜਹ ਦੇਖਾ ਤਹ ਅਵਰੁ ਨ ਕੋਇ॥
ਗੁਰਮੁਖਿ ਭਗਤਿ ਸਹਜ ਘਰੁ ਪਾਈਐ॥
ਬਿਨੁ ਗੁਰ ਭੇਟੇ ਮਰਿ ਆਈਐ ਜਾਈਐ॥
(ਰਾਗ ਧਨਾਸਰੀ, ਗੁਰੂ ਨਾਨਕ)

ਜਿਹੜਾ ਮੇਲ਼ ਸਹਿਜ ਹੁੰਦਾ ਹੈ, ਉਹ ਪ੍ਰਵਾਨ ਹੈ।
ਇਸ ਵਿੱਚ ਆਉਣ-ਜਾਣ ਦਾ ਕਸ਼ਟ ਨਹੀਂ ਹੈ।

ਠਾਕੁਰ ਦਾਸ ਹੈ ਅਤੇ ਦਾਸ ਠਾਕੁਰ ਹੈ।
ਮੈਂ ਜਿੱਥੇ ਵੀ ਦੇਖਾਂ ਤਾਂ ਉਸ ਇੱਕ ਤੋਂ ਬਿਨਾਂ ਕੁਝ ਨਜ਼ਰ ਨਹੀਂ ਆਉਂਦਾ।
ਆਤਮ-ਪੜਚੋਲ ਅਤੇ ਸਹਿਜ ਨਾਲ ਬੱਝੇ ਮਨੁੱਖ ਨੂੰ ਆਪਣਾ ਟਿਕਾਣਾ ਨਸੀਬ ਹੁੰਦਾ ਹੈ।
ਵਿਵੇਕ ਨਾਲ ਜੁੜੇ ਬਿਨਾਂ ਮਨੁੱਖ ਰੂਹਾਨੀ ਪੱਖੋਂ ਮੁਰਦਾ ਹੈ ਅਤੇ ਸੋਚਾਂ ਦੀ ਘੁੰਮਣ-ਘੇਰੀ ਵਿੱਚ ਫਸਿਆ ਰਹਿੰਦਾ ਹੈ।
(ਰਾਗ ਧਨਾਸਰੀ, ਗੁਰੂ ਨਾਨਕ)

ਖ਼ਬਰਦਾਰੀ ਨਾਲ ਮਨੁੱਖ ਆਪਣੇ ਅਮਲਾਂ ਬਾਬਤ ਬਾਖ਼ਬਰ ਰਹਿੰਦਾ ਹੈ ਅਤੇ ਸਹਿਜ ਅਮਲਾਂ ਵਿੱਚ ਵਿਚਰ ਨਾਲ, ਤਵਾਜ਼ਨ ਕਾਇਮ ਰਖਦਾ ਹੈ। ਅਸੀਂ ਬਹੁਤ ਦੱਬੂ ਹੋ ਸਕਦੇ ਹਾਂ ਅਤੇ ਇਨਸਾਫ਼ ਲਈ ਲੋੜੀਂਦਾ ਹੌਸਲਾ ਹਾਰ ਸਕਦੇ ਹਾਂ ਜਾਂ ਜ਼ਿਆਦਾ ਸਖ਼ਤ ਹੋ ਸਕਦੇ ਹਾਂ ਅਤੇ ਹਮਦਿਲੀ ਦੇ ਅਹਿਸਾਸ ਤੋਂ ਮਨਫ਼ੀ ਹੋ ਸਕਦੇ ਹਾਂ। ਗੁਰੂ ਨਾਨਕ ਨੇ ਫ਼ਰਮਾਇਆ ਕਿ ਸਹਿਜ ਦਾ ਮਾਅਨਾ ਖ਼ਬਰਦਾਰੀ, ਅਡੋਲਤਾ, ਆਲਮੀ ਪਿਆਰ ਅਤੇ ਕੁਦਰਤ ਦੇ ਨੇਮ ਨੂੰ ਪ੍ਰਵਾਨ ਕਰਨ ਦੀ ਜੋਟੀ ਹੈ। ਇਹ ਸਿਰਜਣਹਾਰੇ ਨਾਲ ਇੱਕ-ਮਿੱਕ ਹੋਣ ਦਾ ਕਾਰਗਰ ਰਾਹ ਹੈ।

ਅਸੀਂ ਮਥੁਰਾ ਵਿੱਚ ਗੁਰਦਵਾਰਾ ਨਾਨਕ ਬਗ਼ੀਚੀ ਜਾ ਰਹੇ ਹਾਂ।

**ਅਮਰਦੀਪ ਸਿੰਘ:** ਗੁਰੂ ਨਾਨਕ ਦੇ 'ਵੈਸ਼ਨਵ' ਮਤ ਦੇ ਜ਼ਿਆਰਤੀਆਂ ਨਾਲ ਗੋਸ਼ਟਿ ਦੀ ਯਾਦ ਵਿੱਚ ਕੇਸ਼ਵ ਦੇਵ ਮੰਦਿਰ ਦੇ ਨੇੜੇ ਗੁਰਦਵਾਰਾ ਨਾਨਕ ਬਗ਼ੀਚੀ ਬਣਾਇਆ ਗਿਆ ਹੈ।

ਅਸੀਂ ਜਮੁਨਾ ਨਦੀ ਦੇ ਘਾਟਾਂ ਉੱਤੇ ਜਾ ਰਹੇ ਹਾਂ। ਇਤਿਹਾਸਕ ਤੌਰ ਉੱਤੇ ਹਿੰਦੂ ਜ਼ਿਆਰਤੀ ਇਨ੍ਹਾਂ ਘਾਟਾਂ ਉੱਤੇ ਇਸ ਆਸ ਨਾਲ ਡੁਬਕੀ ਲਗਾਉਣ ਆਉਂਦੇ ਹਨ ਕਿ ਇਸ ਨਾਲ ਉਨ੍ਹਾਂ ਦੇ ਪਾਪ ਧੋਤੇ ਜਾਂਦੇ ਹਨ।

ਇਨ੍ਹਾਂ ਘਾਟਾਂ ਉੱਤੇ ਸ਼ੈਵ ਮਤ ਦੇ ਕੁਝ ਮਥੁਰਾ ਵਾਸੀ ਪੈਰੋਕਾਰਾਂ ਨੇ ਗੁਰੂ ਨਾਨਕ ਨੂੰ ਉਨ੍ਹਾਂ ਦੇ ਸਮਾਜਿਕ ਰੁਤਬੇ ਬਾਰੇ ਪੁੱਛਿਆ। ਉਨ੍ਹਾਂ ਸੁਆਲ ਕੀਤਾ ਕਿ ਉਨ੍ਹਾਂ ਦਾ ਮਜ਼ਹਬੀ ਰਹਿਬਰ ਕੌਣ ਹੈ? ਜੁਆਬ ਵਿੱਚ ਗੁਰੂ ਨਾਨਕ ਨੇ ਗਾਇਆ,

ਅਪੁਨੇ ਠਾਕੁਰ ਕੀ ਹਉ ਚੇਰੀ॥
ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ॥
(ਰਾਗ ਸਾਰੰਗ, ਗੁਰੂ ਨਾਨਕ)

ਮੈਂ ਆਪਣੇ ਠਾਕੁਰ ਦੀ ਗੋਲ਼ੀ ਹਾਂ।
ਮੈਂ ਜੀਵਨਦਾਨੀ ਪ੍ਰਭੂ ਦੇ ਚਰਨਾਂ ਵਿੱਚ ਬਿਰਾਜੀ ਹਾਂ, ਆਪਣੀ ਹਉਮੈ ਨੂੰ ਮਾਰ ਕੇ।
(ਰਾਗ ਸਾਰੰਗ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਦੂਜਿਆਂ ਦੀ ਸੇਵਾ ਉਨ੍ਹਾਂ ਦਾ ਸਮਾਜਿਕ ਰੁਤਬਾ ਹੈ। ਹਲੀਮੀ ਨਾਲ ਉਨ੍ਹਾਂ ਨੇ ਆਪਣੇ-ਆਪ ਨੂੰ ਗੋਲ਼ੀ ਬਰਾਬਰ ਰੱਖਿਆ ਜੋ ਹਾਜ਼ਰਾ-ਹਜ਼ੂਰ ਦੀ ਸੇਵਾ ਵਿੱਚ ਆਪਣਾ-ਆਪ ਵਾਰ ਦਿੰਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦਾ ਮਜ਼ਹਬੀ ਰਹਿਬਰ ਵਿਵੇਕ ਹੈ ਜਿਸ ਨਾਲ ਹਉਮੈ ਦਾ ਖ਼ਾਤਮਾ ਹੁੰਦਾ ਹੈ।

ਗ਼ੁਲਾਮੀ ਨੂੰ ਆਮ ਤੌਰ ਉੱਤੇ ਬੰਦੀ ਬਣਾਉਣ ਨਾਲ ਜੋੜਿਆ ਜਾਂਦਾ ਹੈ। ਮੰਦੇਭਾਗੀਂ ਅਸੀਂ ਮਨ ਦੀ ਗ਼ੁਲਾਮੀ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ ਜਿਹੜਾ ਪਛਾਣਾਂ ਅਤੇ ਲਾਲਸਾਵਾਂ ਦੇ ਮੋਹ ਵਿੱਚ ਫਸਿਆ ਹੋਇਆ ਹੈ।

ਅਸੀਂ ਹੁਣ ਜਮੁਨਾ ਨਦੀ ਦੇ ਕੰਢੇ ਇੱਕ ਅਸਥਾਨ ਉੱਤੇ ਜਾ ਰਹੇ ਹਾਂ ਜੋ ਉਦਾਸੀ ਸੰਪਰਦਾਇ ਨੇ ਬਣਾਇਆ ਸੀ।

**ਅਮਰਦੀਪ ਸਿੰਘ:** ਗਊ ਘਾਟ ਉੱਤੇ ਬਣਿਆ 'ਉਦਾਸੀ ਮੱਠ' ਗੁਰੂ ਨਾਨਕ ਦੇ ਮਥੁਰਾ ਆਉਣ ਦੀ ਯਾਦ ਵਿੱਚ ਬਣਿਆ ਸਭ ਤੋਂ ਪੁਰਾਣਾ ਅਸਥਾਨ ਹੈ।

ਇੱਕ ਮੁਕਾਮੀ ਵਾਸੀ ਨੇ ਜ਼ਿਕਰ ਕੀਤਾ ਕਿ ਉੱਨੀ ਸੌ ਅੱਸੀਵਿਆਂ ਦੇ ਸਿਆਸੀ ਵਾਕਿਆਤ ਤੋਂ ਪਹਿਲਾਂ ਇਸ ਅਸਥਾਨ ਉੱਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਇਸ ਵੇਲੇ ਗੁਰੂ ਨਾਨਕ ਦੀ ਅਰਾਧਨਾ ਉਦਾਸੀ ਸੰਪਰਦਾਇ ਨਾਲ ਉਨ੍ਹਾਂ ਦੀ ਪੁਰਾਣੀ ਸਾਂਝ ਦੇ ਹਵਾਲੇ ਨਾਲ ਕੀਤੀ ਜਾਂਦੀ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮਥੁਰਾ ਤੋਂ ਦਿੱਲੀ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਦਿੱਲੀ ਜਾ ਰਹੇ ਹਾਂ।

ਦਿੱਲੀ ਇੰਡੀਆ ਦੀ ਰਾਜਧਾਨੀ ਹੈ। ਇਹ ਸ਼ਹਰ ਜਮੁਨਾ ਨਦੀ ਦੇ ਕੰਢੇ ਵੱਸਿਆ ਹੈ। ਛੇਵੀਂ ਸਦੀ ਤੋਂ ਆਬਾਦ ਇਸ ਸ਼ਹਿਰ ਦੇ ਨਾਮ ਦੀਆਂ ਕਈ ਕਹਾਣੀਆਂ ਹਨ। ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਇਹ ਨਾਮ 'ਦਿਲ' ਸ਼ਬਦ ਤੋਂ ਪਿਆ ਹੈ ਅਤੇ ਕੁਝ ਦਾ ਮੰਨਣਾ ਹੈ ਕਿ ਇਹ 'ਦਹਿਲੀਜ਼' ਸ਼ਬਦ ਤੋਂ ਬਣਿਆ ਹੈ ਜਿਸ ਦਾ ਇਸ਼ਾਰਾ ਗੰਗਾ ਦੇ ਮੈਦਾਨ ਦੀ ਦਹਿਲੀਜ਼ ਹੋਣਾ ਹੈ।

**ਅਮਰਦੀਪ ਸਿੰਘ:** ਇੰਡੀਆ ਦੀ ਰਾਜਧਾਨੀ ਦਿੱਲੀ ਬਹੁਤ ਸਾਰੇ ਰਾਜਿਆਂ ਦੀ ਗਵਾਹ ਹੈ ਕਿਉਂਕਿ ਇਹ ਸਦੀਆਂ ਤੋਂ ਹੁਕਮਰਾਨੀ ਦਾ ਮਰਕਜ਼ ਹੈ।

ਜਦੋਂ ਗੁਰੂ ਨਾਨਕ ਦਿੱਲੀ ਆਏ ਸਨ ਤਾਂ ਇੱਥੇ ਅਫ਼ਗ਼ਾਨ ਬਾਦਸ਼ਾਹ ਸਿਕੰਦਰ ਲੋਧੀ ਦਾ ਰਾਜ ਸੀ।

ਅਸੀਂ ਜਮੁਨਾ ਦੇ ਕੰਢੇ ਉਸ ਇਲਾਕੇ ਵਿੱਚ ਜਾ ਰਹੇ ਹਾਂ ਜੋ ਇਤਿਹਾਸ ਵਿੱਚ 'ਮਜਨੂੰ ਕਾ ਟਿੱਲਾ' ਵਜੋਂ ਦਰਜ ਹੈ। ਇਹ ਨਾਮ ਇਰਾਨ ਦੇ ਸੂਫ਼ੀ ਸੰਤ ਫ਼ਕੀਰ ਅਬਦੁੱਲਾ ਤੋਂ ਪਿਆ ਹੈ ਜਿਨ੍ਹਾਂ ਨੂੰ ਮਜਨੂੰ ਵੀ ਕਿਹਾ ਜਾਂਦਾ ਹੈ, ਜੋ ਆਪਣੇ ਪਿਆਰ ਵਿੱਚ ਗੁਆਚਿਆ ਹੈ।

**ਅਮਰਦੀਪ ਸਿੰਘ:** ਗੁਰਦਵਾਰਾ 'ਮਜਨੂੰ ਕਾ ਟਿੱਲਾ' ਉਸ ਅਸਥਾਨ ਉੱਤੇ ਬਣਿਆ ਹੈ ਜਿੱਥੇ ਗੁਰੂ ਨਾਨਕ ਅਤੇ ਸੂਫ਼ੀ ਫ਼ਕੀਰ ਵਿੱਚ ਗੋਸ਼ਟਿ ਹੋਇਆ ਸੀ।

ਇਤਿਹਾਸ ਵਿੱਚ ਦਰਜ ਹੈ ਕਿ ਦਿੱਲੀ ਸਲਤਨਤ ਦਾ ਬਾਦਸ਼ਾਹ ਸਿਕੰਦਰ ਲੋਧੀ ਦੋ ਪਖਾਂ ਦੀ ਸੋਚ ਵਾਲਾ ਇਨਸਾਨ ਸੀ। ਉਹ ਖ਼ੈਰਾਤ ਦੇਣ ਦੇ ਮਾਮਲੇ ਵਿੱਚ ਦਿਆਲੂ ਸੀ ਪਰ ਦੂਜੇ ਮਜ਼ਹਬਾਂ ਨੂੰ ਬਰਦਾਸ਼ਤ ਨਹੀਂ ਕਰਦਾ ਸੀ। 'ਮਿਹਰਬਾਨ ਜਨਮਸਾਖੀ' ਵਿੱਚ ਦਰਜ ਹੈ ਕਿ ਫ਼ਕੀਰ ਅਬਦੁੱਲਾ ਅਤੇ ਰੂਹਾਨੀਅਤ ਦੇ ਹੋਰ ਆਰਜ਼ੂਮੰਦਾਂ ਨਾਲ ਗੋਸ਼ਟਿ ਦੌਰਾਨ ਗੁਰੂ ਨਾਨਕ ਤੋਂ ਦਾਨ ਦੀ ਅਹਿਮੀਅਤ ਬਾਰੇ ਰਾਇ ਮੰਗੀ ਗਈ। ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਵੱਡੀ ਮਿਕਦਾਰ ਵਿੱਚ ਖ਼ੈਰਾਤ ਦੇਣ ਨਾਲ ਕੋਈ ਸੱਜਣ ਬਣ ਜਾਂਦਾ ਹੈ? ਜੁਆਬ ਵਿੱਚ ਗੁਰੂ ਨਾਨਕ ਨੇ ਗਾਇਆ,

ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ॥
ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ॥
ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ॥
ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ॥
(ਰਾਗ ਮਲਾਰ, ਗੁਰੂ ਨਾਨਕ)

ਅੱਖਾਂ ਮੀਚ ਕੇ ਕੀਤੇ ਕੰਮਾਂ ਨਾਲ ਮਨ ਅੰਨ੍ਹਾ ਹੋ ਜਾਂਦਾ ਹੈ। ਅੰਨ੍ਹਾ ਮਨ ਅੱਗੋਂ ਤਨ ਨੂੰ ਅੰਨ੍ਹਾ ਕਰਦਾ ਹੈ।
ਗਾਰੇ ਦਾ ਬੰਨ੍ਹ ਬਣਾਉਣ ਦਾ ਕੀ ਫਾਇਦਾ ਜਦੋਂ ਬੰਨ੍ਹ ਤਾਂ ਪੱਥਰਾਂ ਦਾ ਵੀ ਟੁੱਟ ਜਾਣਾ ਹੈ?
ਬੰਨ੍ਹ ਟੁੱਟ ਗਿਆ। ਹੁਣ ਨਾ ਬੇੜੀ ਹੈ, ਨਾ ਬੇੜਾ ਅਤੇ ਨਾ ਚੱਪੂ।
ਨਾਨਕ ਨੇ ਫ਼ਰਮਾਇਆ ਕਿ ਸੱਚੀ ਸੋਚ-ਵਿਚਾਰ ਤੋਂ ਬਿਨਾਂ ਤਾਂ ਅਨੇਕ ਡੁੱਬ ਗਏ ਹਨ।
(ਰਾਗ ਮਲਾਰ, ਗੁਰੂ ਨਾਨਕ)

ਇਹ ਗ਼ਲਤਫਹਿਮੀ ਹੈ ਕਿ ਖ਼ੈਰਾਤ ਵਾਲੇ ਕੰਮਾਂ ਨਾਲ ਨਾਇਨਸਾਫ਼ੀ ਨਜ਼ਰਅੰਦਾਜ਼ ਹੋ ਸਕਦੀ ਹੈ। ਗੁਰੂ ਨਾਨਕ ਨੇ ਫ਼ਰਮਾਇਆ ਕਿ ਨਾਇਨਸਾਫ਼ੀ ਕਰਨ ਵਾਲਿਆਂ ਦੇ ਭਲੇ ਕੰਮ ਤਾਂ ਮਹਿਜ਼ ਬੰਨ੍ਹ ਸਮਾਨ ਹਨ ਜੋ ਹੜ੍ਹਾਂ ਨੂੰ ਨਹੀਂ ਡੱਕ ਸਕਦੇ।

ਇਸ ਫ਼ਲਸਾਫ਼ੀ ਸੁਨੇਹੇ ਦਾ ਜ਼ਿਕਰ 'ਵਲਾਇਤਵਾਲੀ ਜਨਮਸਾਖੀ' ਅਤੇ 'ਭਾਈ ਮਨੀ ਸਿੰਘ ਜਨਮਸਾਖੀ' ਵਿੱਚ ਨਹੀਂ ਹੈ। ਇਨ੍ਹਾਂ ਜਨਮਸਾਖੀਆਂ ਵਿੱਚ ਇੱਕ ਚਮਤਕਾਰ ਦਾ ਜ਼ਿਕਰ ਮਿਲਦਾ ਹੈ ਜਿਸ ਵਿੱਚ ਗੁਰੂ ਨਾਨਕ ਨੇ ਦਿੱਲੀ ਦੀ ਯਾਤਰਾ ਦੌਰਾਨ ਇੱਕ ਮਰੇ ਹੋਏ ਹਾਥੀ ਨੂੰ ਜਿਊਂਦਾ ਕਰ ਦਿੱਤਾ ਸੀ। ਬਿਰਤਾਂਤ ਵਿੱਚ ਇਸ ਤਰ੍ਹਾਂ ਦੇ ਫ਼ਰਕ ਦੇਖ ਕੇ ਮੈਂ ਸੋਚਦਾ ਹਾਂ ਕਿ ਕੀ ਸਮੇਂ ਦੇ ਨਾਲ ਅਸੀਂ ਗੁਰੂ ਨਾਨਕ ਦੇ ਰੂਹਾਨੀ ਸ਼ਬਦਾਂ, ਹਮਸੁਰਤੀਆਂ, ਤਸ਼ਬੀਹਾਂ ਤੋਂ ਪਾਸੇ ਹੱਟ ਗਏ ਹਾਂ।

ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ॥
ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ॥

---

(ਰਾਗ ਰਾਮਕਲੀ, ਗੁਰੂ ਨਾਨਕ)

ਹਾਥੀ ਵਾਂਗ ਵਿਹਾਰ ਕਰਨ ਵਾਲਾ ਮਨ ਕਿੱਥੇ ਵੱਸਦਾ ਹੈ? ਪਵਨ ਦਾ ਵਾਸਾ ਕਿੱਥੇ ਹੈ?
ਉਹ ਵਿਵੇਕ ਕਿੱਥੇ ਵਾਸ ਕਰਦਾ ਹੈ ਜਿਹੜਾ ਨਾਂਹ-ਪੱਖੀ ਸੋਚ ਤੋਂ ਛੁਟਕਾਰਾ ਅਤੇ ਮਨ ਨੂੰ ਭਟਕਣ ਤੋਂ ਮੁਕਤੀ ਦਿੰਦਾ ਹੈ?
(ਰਾਗ ਰਾਮਕਲੀ, ਗੁਰੂ ਨਾਨਕ)

ਹਾਥੀਆਂ ਦੀ ਯਾਦਾਸ਼ਤ ਤੇਜ ਹੁੰਦੀ ਹੈ ਜੋ ਸੋਚ-ਵਿਚਾਰ ਵਾਲੇ ਮਨ ਰਾਹੀਂ ਬੁੱਧੀ ਦੇ ਵਿਕਾਸ ਵਿੱਚ ਸਹਾਈ ਹੁੰਦੀ ਹੈ। ਗੁਰੂ ਨਾਨਕ ਨੇ ਫ਼ਰਮਾਇਆ ਕਿ ਜਦੋਂ ਹਾਥੀ ਵਾਲੇ ਗੁਣ ਮਨੁੱਖ ਵਿੱਚੋਂ ਮਨਫ਼ੀ ਹੋ ਜਾਂਦੇ ਹਨ ਤਾਂ ਪੜਚੋਲੀਆ ਸੋਚ ਨਾਲ ਇਹ ਗੁਣ ਮੁੜ-ਸੁਰਜੀਤ ਹੋ ਸਕਦੇ ਹਨ। ਪੜਚੋਲੀਆ ਸੋਚ ਮਨੁੱਖਾ ਸ਼ਊਰ ਦਾ ਵਿਗਸਿਆ ਰੂਪ ਹੈ। ਮੇਰੀ ਨਿਮਾਣੀ ਰਾਇ ਮੁਤਾਬਕ ਹਾਥੀ ਨੂੰ ਜਿਊਂਦਾ ਕਰਨ ਦੀ ਕਥਾ ਇਸ ਫ਼ਲਸਫ਼ੀ ਸੁਨੇਹੇ ਦੀ ਤਸ਼ਬੀਹੀ ਪੇਸ਼ਕਾਰੀ ਹੈ।

'ਮਜਨੂੰ ਕਾ ਟਿੱਲਾ' ਤੋਂ ਅੱਠ ਕਿਲੋਮੀਟਰ ਦੇ ਫ਼ਾਸਲੇ ਉੱਤੇ ਗੁਰਦਵਾਰਾ ਨਾਨਕ ਪਿਆਓ ਹੈ ਜੋ ਦਿੱਲੀ ਵਿੱਚ ਗੁਰੂ ਨਾਨਕ ਨੂੰ ਮਨਸੂਬ ਇੱਕ ਹੋਰ ਅਸਥਾਨ ਹੈ। ਨਾਮੀ ਲੇਖਕ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਲਿਖਿਆ ਹੈ ਕਿ ਗੁਰੂ ਨਾਨਕ ਨੇ ਇਸ ਅਸਥਾਨ ਉੱਤੇ ਪਾਣੀ ਪਿਲਾ ਕੇ ਮੁਸਾਫ਼ਰਾਂ ਦੀ ਪਿਆਸ ਬੁਝਾਈ ਸੀ। ਮੇਰੀ ਨਿਮਾਣੀ ਸੋਚ ਮੁਤਾਬਕ ਇਹ ਖੂਹ ਵਿਵੇਕ ਦੇ ਭੰਡਾਰੇ ਦੀ ਤਸ਼ਬੀਹੀ ਨੁਮਾਇੰਦਗੀ ਕਰਦਾ ਹੈ। ਗੁਰੂ ਨਾਨਕ ਨੇ ਲੋਕਾਂ ਦੀ ਰੂਹਾਨੀ ਪਿਆਸ ਬੁਝਾਉਣ ਲਈ ਇਹ ਸੇਧ ਦਿੱਤੀ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਦਿੱਲੀ ਤੋਂ ਪੱਛਮ ਵਾਲੇ ਪਾਸੇ ਨੂੰ ਪਾਣੀਪਤ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਪਾਣੀਪਤ ਜਾ ਰਹੇ ਹਾਂ।

ਇੰਡੀਆ ਦੇ ਸੂਬੇ ਹਰਿਆਣਾ ਵਿੱਚ ਪਾਣੀਪਤ ਇਤਿਹਾਸਕ ਸ਼ਹਿਰ ਹੈ। ਮਹਾਂਕਾਵਿ ਮਹਾਂਭਾਰਤ ਮੁਤਾਬਕ ਇਸ ਸ਼ਹਿਰ ਦੀ ਨੀਂਹ ਪਾਂਡਵ ਭਰਾਵਾਂ ਨੇ ਰੱਖੀ ਸੀ। ਇਹ ਸ਼ਹਿਰ ਬੁਣਕਰਾਂ ਲਈ ਮਸ਼ਹੂਰ ਹੈ ਅਤੇ ਵੱਡੇ ਸ਼ਾਹ ਮਾਰਗ ਉੱਤੇ ਹੋਣ ਕਾਰਨ ਰਣਨੀਤਕ ਪੱਖੋਂ ਅਹਿਮ ਹੈ। ਇਹ ਤੀਜੀ ਸਦੀ ਦੇ ਸੌਦਾਗਰੀ ਅਤੇ ਸਫ਼ਰੀਆ ਰਾਹ ਉੱਤੇ ਪੈਂਦਾ ਹੈ ਜੋ ਬਰੇ-ਸਗੀਰ ਅਤੇ ਮਰਕਜ਼ੀ ਏਸ਼ੀਆ ਨੂੰ ਜੋੜਦਾ ਹੈ।

ਅਸੀਂ ਪਾਣੀਪਤ ਵਿੱਚ ਬੂ ਅਲੀ ਕਲੰਦਰ ਸੇਖ਼ ਸ਼ਰਫ਼ੂ-ਉਦ-ਦੀਨ ਦੀ ਦਰਗਾਹ ਉੱਤੇ ਜਾ ਰਹੇ ਹਾਂ ਜੋ ਚੌਦ੍ਹਵੀਂ ਸਦੀ ਦੇ ਮੁਸਲਮਾਨ ਸੰਤ ਸਨ ਅਤੇ ਸ਼ਾਹ ਸ਼ਰਫ਼ ਦੇ ਨਾਮ ਨਾਲ ਮਸ਼ਹੂਰ ਸਨ।

ਮੈਂ ਹੂੰ ਕਿਸਮਤ ਕਾ ਸਿਕੰਦਰ॥
ਵਰਨਾ ਕਤਰੇ ਸੇ ਸਮੁੰਦਰ॥
ਮੈਂ ਅਲੀ ਕਾ ਹੂੰ ਕਲੰਦਰ॥
ਜਪੂ ਹਰ ਦਮ ਅਲੀ ਮੌਲਾ॥

ਰਟੂ ਹਰ ਦਮ ਅਲੀ ਮੌਲਾ॥
ਹਿਰਦਯ ਹਰ ਦਮ ਅਲੀ ਮੌਲਾ॥
ਹੈ ਮੇਰੀ ਸਾਂਸ ਕੇ ਅੰਦਰ॥
ਮੈਂ ਅਲੀ ਕਾ ਹੂੰ ਕਲੰਦਰ॥

ਮੈਂ ਕਿਸਮਤ ਦਾ ਸਿਕੰਦਰ ਹਾਂ।
ਨਹੀਂ ਤਾਂ ਮੈਂ ਸਮੁੰਦਰ ਵਿੱਚ ਕਤਰੇ ਸਮਾਨ ਰਹਿਣਾ ਸੀ।
ਮੈਂ ਅਲੀ ਦਾ ਕਲੰਦਰ ਹਾਂ।
ਹਰ ਦਮ ਅਲੀ ਮੌਲਾ ਦਾ ਜਾਪ ਕਰਦਾ ਹਾਂ।
ਮੈਂ ਹਰ ਦਮ ਅਲੀ ਮੌਲਾ ਦਾ ਨਾਮ ਰਟਦਾ ਹਾਂ।
ਮੇਰਾ ਦਿਲ ਹਰ ਦਮ ਅਲੀ ਮੌਲਾ ਨਾਲ ਜੁੜਿਆ ਰਹਿੰਦਾ ਹੈ।
ਅਲੀ ਮੇਰੀ ਹਰ ਸਾਹ ਵਿੱਚ ਹੈ।
ਮੈਂ ਅਲੀ ਦਾ ਕਲੰਦਰ ਹਾਂ।

ਪਾਣੀਪਤ ਵਿੱਚ ਆਪਣੇ ਕਿਆਮ ਦੌਰਾਨ ਗੁਰੂ ਨਾਨਕ ਅਤੇ ਭਾਈ ਮਰਦਾਨਾ ਸ਼ਾਹ ਸ਼ਰਫ਼ ਦੀ ਮਜ਼ਾਰ ਉੱਤੇ ਗਏ ਜਿੱਥੇ ਰੂਹਾਨੀਅਤ ਦੇ ਪਾਂਧੀ ਸੂਫ਼ੀਆਂ ਦੀ ਸੰਗਤ ਜੁੜਦੀ ਸੀ।

ਸ਼ੇਖ਼ ਤਾਹਿਰ ਨੂੰ ਸ਼ੇਖ਼ ਈਦੁਲ ਕਬੀਰ ਵਜੋਂ ਵੀ ਜਾਣਿਆ ਜਾਂਦਾ ਹੈ ਪਰ 'ਜਨਮਸਾਖੀ' ਸਾਹਿਤ ਵਿੱਚ ਉਨ੍ਹਾਂ ਦਾ ਜ਼ਿਕਰ ਸ਼ੇਖ਼ ਤਾਤੀਹਾਰ ਵਜੋਂ ਆਉਂਦਾ ਹੈ। ਗੁਰੂ ਨਾਨਕ ਅਤੇ ਭਾਈ ਮਰਦਾਨਾ ਨੂੰ ਡੂੰਘੇ ਵਿਵੇਕ ਵਾਲੇ ਸ਼ਬਦਾਂ ਦਾ ਗਾਇਨ ਕਰਦਾ ਸੁਣ ਕੇ ਸ਼ੇਖ਼ ਤਾਹਿਰ ਨੇ ਮਜ਼ਾਰ ਵਿੱਚ ਉਨ੍ਹਾਂ ਦਾ ਸੁਆਗਤ ਕੀਤਾ।

**ਅਮਰਦੀਪ ਸਿੰਘ:** ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸ਼ੇਖ਼ ਤਾਹਿਰ ਨਾਲ ਗੋਸ਼ਟਿ ਕੀਤਾ ਜੋ ਉਸ ਵੇਲੇ ਪਾਣੀਪਤ ਵਿੱਚ ਬੂ ਅਲੀ ਸ਼ਾਹ ਕਲੰਦਰ ਦੀ ਮਜ਼ਾਰ ਦੇ ਰੂਹਾਨੀ ਰਹਿਬਰ ਸਨ।

ਇਸ ਗੋਸ਼ਟਿ ਦੌਰਾਨ ਸ਼ਰਧਾਲੂਆਂ ਨੇ ਗੁਰੂ ਨਾਨਕ ਤੋਂ ਸਾਫ਼-ਦਿਲ ਮਨੁੱਖ ਦੇ ਗੁਣਾਂ ਬਾਰੇ ਪੁੱਛਿਆ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਨ ਕੀਤਾ,

ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ॥
ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ॥
(ਸਿਰੀ ਰਾਗ, ਗੁਰੂ ਨਾਨਕ)

ਆਪਣੇ ਸਿਦਕ ਨੂੰ ਸਿਜਦਾ ਬਣਾਓ ਅਤੇ ਮਨ ਉੱਤੇ ਜਿੱਤ ਹਾਸਿਲ ਕਰਨ ਨੂੰ ਜ਼ਿੰਦਗੀ ਦਾ ਮਕਸਦ ਬਣਾਓ।
ਮੈਨੂੰ ਹਰ ਪਾਸੇ ਇੱਕੋ ਸਿਰਜਣਹਾਰਾ ਨਜ਼ਰ ਆਉਂਦਾ ਹੈ। ਮੈਨੂੰ ਹਰ ਪਾਸੇ ਇੱਕੋ ਸਿਰਜਣਹਾਰਾ ਨਜ਼ਰ ਆਉਂਦਾ ਹੈ।

(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਸਦਗੁਣੀ ਮਨੁੱਖ ਕੋਲ ਮਜ਼ਹਬਾਂ ਦੇ ਮਜਲਿਸੀ ਆਦਾਬ ਦੀ ਪੈਮਾਇਸ਼ ਤੋਂ ਵਡੇਰੀ ਨਜ਼ਰ ਹੁੰਦੀ ਹੈ। ਉਨ੍ਹਾਂ ਲਈ 'ਸਿਜਦਾ' ਕਰਨ ਦਾ ਮਾਅਨਾ, ਨਿਮਾਣਾ ਬਣ ਕੇ ਆਪਣੀ ਵਿਦਵਤਾ ਦੀ ਹਉਮੈ ਨੂੰ ਚੜ੍ਹਾਵੇ ਵਜੋਂ ਚੜ੍ਹਾ ਦੇਣਾ ਹੈ ਜਿਸ ਨਾਲ ਉਨ੍ਹਾਂ ਨੂੰ ਸਭ ਵਿੱਚੋਂ ਇੱਕ ਦੇਖਣ ਵਾਲੀ ਨਜ਼ਰ ਦੀ ਬਖ਼ਸ਼ਿਸ਼ ਹੁੰਦੀ ਹੈ।

**ਸੂਫ਼ੀ ਇਜਾਜ਼ ਅਹਿਮਦ ਹਾਸ਼ਮੀ:** ਨਾਨਕ ਸਾਹਿਬ ਇੱਕ ਸੁਨੇਹਾ ਲੈ ਕੇ ਨਿਕਲੇ ਸਨ। ਲੋਕਾਂ ਨੂੰ ਜਗ੍ਹਾ-ਜਗ੍ਹਾ ਪਿਆਰ-ਮੁਹੱਬਤ ਅਤੇ ਭਾਈਚਾਰੇ ਦਾ ਸੁਨੇਹਾ ਦਿੱਤਾ। ਵੱਡਿਆਂ ਦਾ ਆਦਰ ਕਰੋ। ਛੋਟਿਆਂ ਨਾਲ ਮੁਹੱਬਤ ਕਰੋ। ਗ਼ਰੀਬਾਂ ਨਾਲ ਮੁਹੱਬਤ ਕਰੋ। ਜਿਸ ਦਾ ਭਗਵਾਨ, ਖ਼ੁਦਾ ਨਾਲ ਰਾਬਤਾ ਹੋ ਜਾਂਦਾ ਹੈ, ਉਸ ਅੰਦਰੋਂ ਭੇਦ-ਭਾਵ ਖ਼ਤਮ ਹੋ ਜਾਂਦਾ ਹੈ। ਉਹ ਸਭ ਨੂੰ ਮਾਣ-ਸਨਮਾਨ ਨਾਲ ਦੇਖਦਾ ਹੈ। ਸਭ ਨੂੰ ਆਪਣੇ ਗਲ਼ੇ ਲਗਾਉਂਦਾ ਹੈ। ਨਾਨਕ ਸਾਹਿਬ ਵੀ ਕਲੰਦਰੀ ਸਿਲਸਿਲੇ ਵਿੱਚ ਆਉਂਦੇ ਹਨ। ਕਲੰਦਰ ਜ਼ਿਆਦਾ ਲੋਕਾਂ ਨੂੰ ਆਪਣੇ ਨਾਲ ਨਹੀਂ ਰੱਖਦਾ। ਉਹ ਤਨਹਾਈ ਪਸੰਦ ਹੁੰਦਾ ਹੈ।

ਮਸਤ ਕਲੰਦਰ, ਮਸਤ ਕਲੰਦਰ, ਮਸਤ ਕਲੰਦਰ, ਹੱਕ।
ਅਲੀ ਦਾ ਪਹਿਲਾ ਨੰਬਰ।
ਲਾਲੋਂ ਕਾ ਲਾਲ ਕਲੰਦਰ।
ਦਾਦਾ ਹਯਾਤ ਕਲੰਦਰ।
ਰਾਬੀਆ ਬਸਰੀ ਕਲੰਦਰ।
ਸ਼ਾਹ ਸ਼ਰਫੂਦੀਨ ਕਲੰਦਰ।
ਹੁਸੈਨੀ ਲਾਲ ਕਲੰਦਰ।
ਬੂ ਅਲੀ ਸ਼ਾਹ ਕਲੰਦਰ।
ਦਮਾ ਦਮ ਮਸਤ ਕਲੰਦਰ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪਾਣੀਪਤ ਤੋਂ ਪੰਜਾਬ ਵਿੱਚ ਤਖ਼ਤੂਪੁਰਾ ਦਾ ਸਫ਼ਰ ਕੀਤਾ।

ਅਸੀਂ ਪੰਜਾਬ ਦੇ ਪਿੰਡ ਤਖ਼ਤੂਪੁਰਾ ਜਾ ਰਹੇ ਹਾਂ ਜਿੱਥੇ ਗੁਰੂ ਨਾਨਕ ਦੇ ਆਉਣ ਦੀ ਯਾਦ ਵਿੱਚ ਗੁਰਦਵਾਰਾ ਬਣਿਆ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਤਖ਼ਤੂਪੁਰਾ ਤੋਂ ਸਤਲੁਜ ਨਦੀ ਪਾਰ ਕੀਤੀ ਅਤੇ ਸੁਲਤਾਨਪੁਰ ਲੋਧੀ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਸੁਲਤਾਨਪੁਰ ਲੋਧੀ ਜਾ ਰਹੇ ਹਾਂ।

ਸਾਲਾਂ ਬਾਅਦ ਗੁਰੂ ਨਾਨਕ ਦਾ ਰੂਹਾਨੀ ਨੂਰ ਨਾਲ ਦਗਦਾ ਚਿਹਰਾ ਦੇਖ ਕੇ ਬੇਬੇ ਨਾਨਕੀ ਖ਼ੁਸ਼ੀ ਵਿੱਚ ਖੀਵੀ ਹੋ ਗਈ ਸੀ। ਸੁਲਤਾਨਪੁਰ ਲੋਧੀ ਦੇ ਲੋਕ ਗੁਰੂ ਨਾਨਕ ਨੂੰ ਮਿਲਣ ਲਈ ਕਾਹਲੇ ਸਨ ਜਿਨ੍ਹਾਂ ਨੇ ਸ਼ਹਿਰ ਦੇ ਮੋਦੀਖ਼ਾਨੇ ਵਿੱਚ 'ਮੋਦੀ' ਵਜੋਂ ਮੁਲਾਜ਼ਮਤ ਕੀਤੀ ਸੀ। ਲੋਕਾਂ ਵਿੱਚ ਉਨ੍ਹਾਂ ਦੇ ਵੱਖ-ਵੱਖ ਤਹਿਜ਼ੀਬਾਂ ਅਤੇ ਮਜ਼ਹਬਾਂ ਦੇ ਲੋਕਾਂ ਨਾਲ ਵਿਚਰਨ ਵਾਲੇ ਸਫ਼ਰ ਅਤੇ ਤਜਰਬਿਆਂ ਬਾਰੇ ਸੁਣਨ ਦੀ ਲਾਲਸਾ ਸੀ। ਲੋਕਾਂ ਦਾ ਅੰਦਾਜ਼ਾ ਸੀ ਕਿ ਇਬਾਦਤ ਦੇ ਅਸਥਾਨਾਂ ਉੱਤੇ ਗੁਰੂ ਨਾਨਕ ਨੂੰ ਇਲਾਹੀ ਅਹਿਸਾਸ ਹੋਇਆ ਹੋਵੇਗਾ ਇਸ ਲਈ ਉਹ ਉਸ ਅਹਿਸਾਸ ਦੇ ਨਜ਼ਾਰੇ ਅਤੇ ਨੈਣ-ਨਕਸ਼ਾਂ ਬਾਰੇ ਪੁੱਛ ਰਹੇ ਸਨ। ਉਨ੍ਹਾਂ ਦੀਆਂ ਪੁੱਛਾਂ ਤੋਂ ਮੁਖ਼ਾਤਬ ਹੋ ਕੇ ਗੁਰੂ ਨਾਨਕ ਨੇ ਗਾਇਆ,

ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ॥
ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ॥
ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ॥
(ਰਾਗ ਸਾਰੰਗ, ਗੁਰੂ ਨਾਨਕ)

ਜੇ ਉਹ ਕੋਈ ਹੋਵੇ ਤਾਂ ਦਿਖਾਈ ਦੇਵੇ। ਇਸ ਦਾ ਰੂਪ ਅਤੇ ਰੁਤਬਾ ਦਿਖਾਈ ਨਹੀਂ ਦਿੰਦਾ।
ਕਰਤਾ ਆਪ ਹੀ ਸਭ ਕੁਝ ਕਰਦਾ ਹੈ। ਹਰ ਉੱਚੇ-ਨੀਵੇਂ ਦੇ ਦਿਲ ਵਿੱਚ ਉਸ ਦਾ ਵਾਸ ਹੈ।
ਨਾਨਕ ਫ਼ਰਮਾਉਂਦੇ ਹਨ, ਉਸ ਨੂੰ ਬਿਆਨ ਕਰਨਾ ਮੁਸ਼ਕਲ ਹੈ। ਇਹ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।
(ਰਾਗ ਸਾਰੰਗ, ਗੁਰੂ ਨਾਨਕ)

ਮਨੁੱਖ ਦੀ ਧਾਰਨਾ ਹੈ ਕਿ ਪਦਾਰਥ, ਮਨ ਅਤੇ ਸੋਝੀ ਇੱਕ-ਦੂਜੇ ਤੋਂ ਵੱਖ ਹਨ। ਗੁਰੂ ਨਾਨਕ ਨੇ ਜ਼ੋਰ ਦਿੱਤਾ ਕਿ ਨਿਰਗੁਣ ਅਤੇ ਸਰਗੁਣ, ਨਾਜ਼ਰ ਅਤੇ ਹਾਜ਼ਰ ਦੇ ਖ਼ਿਆਲ ਆਪਸ ਵਿੱਚ ਜੁੜੇ ਹੋਏ ਹਨ ਜਿਨ੍ਹਾਂ ਦਾ ਮਤਲਬ ਹੈ ਕਿ ਸਿਰਜਣਹਾਰਾ ਨਿਰੰਕਾਰ ਹੈ ਅਤੇ ਉਹ ਹੀ ਸਰਵ-ਸ਼ਕਤੀਮਾਨ ਹੈ। ਇਹ ਹਾਜ਼ਰ ਹੈ ਪਰ ਅਥਾਹ ਹੈ। ਮਨੁੱਖ ਆਪਣੇ ਕਰਮਾਂ ਰਾਹੀਂ ਹੀ ਇਲਾਹੀ ਨੂੰ ਪਾਉਂਦਾ ਹੈ ਜਾਂ ਉਸ ਤੋਂ ਦੂਰ ਹੁੰਦਾ ਹੈ।

ਸੁਲਤਾਨਪੁਰ ਲੋਧੀ ਤੋਂ ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਕੁਝ ਵਲ਼ ਪਾ ਕੇ ਸੋਹਲ ਠੱਠੀ ਜਾ ਰਹੇ ਹਾਂ ਤਾਂ ਜੋ ਭਗਤ ਸੈਣ ਦੀਆਂ ਯਾਦਾਂ ਨਾਲ ਸਾਂਝ ਪਾ ਸਕੀਏ। ਭਗਤ ਸੈਣ ਦਾ ਫ਼ਲਸਫ਼ਾ ਗੁਰੂ ਨਾਨਕ ਨਾਲ ਮੇਲ਼ ਖਾਂਦਾ ਹੈ।

ਭਗਤ ਸੈਣ ਦੇ ਜਨਮ ਬਾਰੇ ਕਈ ਸਾਖੀਆਂ ਮਿਲਦੀਆਂ ਹਨ। ਜ਼ਿਆਦਾ ਮਕਬੂਲ ਮਨੌਤ ਇਹ ਹੈ ਕਿ ਭਗਤ ਸੈਣ ਦਾ ਜਨਮ ਤੇਰ੍ਹਾਂ ਸੌ ਨੱਬੇ ਵਿੱਚ ਪਿੰਡ ਸੋਹਲ ਠੱਠੀ ਵਿਖੇ ਨਾਈ ਪਰਿਵਾਰ ਵਿੱਚ ਹੋਇਆ ਸੀ ਜੋ ਨੀਵੀਂ ਜਾਤ ਮੰਨੀ ਜਾਂਦੀ ਹੈ।

ਭਗਤ ਸੈਣ ਨਿਰਸਵਾਰਥ ਸੇਵਾ ਦੀ ਮੂਰਤ ਸਨ। ਉਹ ਦਿਨ ਭਰ ਨਿੱਜੀ ਸਹਾਇਕ ਵਜੋਂ ਰਾਜੇ ਦੀ ਦਿੱਤੀ ਜ਼ਿੰਮੇਵਾਰੀ ਨਿਭਾਉਂਦੇ ਸਨ ਅਤੇ ਰਾਤ ਨੂੰ ਰੂਹਾਨੀ ਝੁਕਾਅ ਵਾਲੇ ਲੋਕਾਂ ਅਤੇ ਜ਼ਰੂਰਤਮੰਦਾਂ ਦੀ ਸੇਵਾ ਕਰਦੇ ਸਨ।

ਭਗਤ ਸੈਣ ਦਾ ਸਮਾਂ ਗੁਰੂ ਨਾਨਕ ਤੋਂ ਬਹੁਤ ਪਹਿਲਾਂ ਹੈ। ਉਨ੍ਹਾਂ ਦਾ ਆਪਸ ਵਿੱਚ ਮੇਲ਼ ਭਾਵੇਂ ਨਹੀਂ ਹੋਇਆ ਪਰ ਉਨ੍ਹਾਂ ਵਿੱਚ ਸੋਚਾਂ ਦੀ ਸਾਂਝ ਹੈ। ਦੋਵੇਂ ਅਦਵੈਤਵਾਦ ਦੇ ਮੁਦਈ ਸਨ। ਦੋਵੇਂ ਨਿਰਸਵਾਰਥ ਸੇਵਾ ਦੇ ਹਮਾਇਤੀ ਸਨ ਅਤੇ ਜਾਤ-ਪਾਤ ਨੂੰ ਨਕਾਰਦੇ ਸਨ। ਭਗਤ ਸੈਣ ਦਾ ਇੱਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਇਸ ਸ਼ਬਦ ਵਿੱਚ ਉਹ ਆਪਣੀ ਮਜ਼ਹਬੀ ਗਰਮਜੋਸ਼ੀ ਅਤੇ ਸਰਵ-ਸ਼ਕਤੀਮਾਨ ਪਾਲਣਹਾਰ ਦੇ ਸ਼ੁਕਰਾਨੇ ਦਾ ਇਜ਼ਹਾਰ ਕਰਦੇ ਹਨ,

ਮੰਗਲਾ ਹਰਿ ਮੰਗਲਾ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ॥
ਮਦਨ ਮੂਰਤਿ ਭੈ ਤਾਰਿ ਗੋਬਿੰਦੇ॥ ਸੈਨੁ ਭਣੈ ਭਜੁ ਪਰਮਾਨੰਦੇ॥
(ਰਾਗ ਧਨਾਸਰੀ, ਭਗਤ ਸੈਣ)

ਹਰਿ ਮੰਗਲਾ ਗਾਉਣਾ ਪਰਮ ਬਖ਼ਸ਼ਿਸ਼ ਹੈ। ਰੋਜ਼ ਸਿਰਜਣਹਾਰੇ ਦਾ ਮੰਗਲਾ ਗਾਇਆ ਜਾਂਦਾ ਹੈ।
ਮੇਰੇ ਨਿਰਭੈ ਮਦਨ ਮੂਰਤ ਨੇ ਦੁਨਿਆਵੀ ਸਮੁੰਦਰ ਤੋਂ ਪਾਰ ਕਰਵਾਇਆ ਹੈ। ਸੈਣ ਫ਼ਰਮਾਉਂਦੇ ਹਨ ਕਿ
ਪਰਮ ਆਨੰਦ ਬਾਰੇ ਸੋਚ-ਵਿਚਾਰ ਕਰੋ।
(ਰਾਗ ਧਨਾਸਰੀ, ਭਗਤ ਸੈਣ)

ਭਗਤ ਸੈਣ ਨੂੰ ਬੇਗ਼ਰਜ਼ ਸੇਵਾ ਵਿੱਚੋਂ ਪਰਮ ਆਨੰਦ ਮਿਲਦਾ ਹੈ ਜੋ ਉਨ੍ਹਾਂ ਲਈ ਸਿਰਜਣਹਾਰ ਦੀ ਇਬਾਦਤ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸੁਲਤਾਨਪੁਰ ਲੋਧੀ ਤੋਂ ਉੱਤਰ-ਪੱਛਮ ਵਾਲੇ ਪਾਸੇ ਨੂੰ ਸਫ਼ਰ ਕਰਦੇ ਹੋਏ ਬਿਆਸ ਨਦੀ ਪਾਰ ਕੀਤੀ ਅਤੇ ਪੱਟੀ ਪਹੁੰਚੇ।

ਸੋਹਲ ਠੱਠੀ ਦਾ ਵਲ਼ ਪਾਉਣ ਤੋਂ ਬਾਅਦ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਜਾਰੀ ਰੱਖਦੇ ਹੋਏ ਹੁਣ ਅਸੀਂ ਸੁਲਤਾਨਪੁਰ ਲੋਧੀ ਤੋਂ ਪੱਟੀ ਜਾ ਰਹੇ ਹਾਂ।

ਪੱਟੀ ਮਾਝੇ ਦਾ ਇਤਿਹਾਸਕ ਕਸਬਾ ਹੈ ਜੋ ਇਸ ਵੇਲੇ ਇੰਡੀਆ ਦੇ ਪੰਜਾਬ ਸੂਬੇ ਵਿੱਚ ਇੰਡੀਆ-ਪਾਕਿਸਤਾਨ ਦੀ ਸਰਹੱਦ ਦੇ ਲਾਗੇ ਪੈਂਦਾ ਹੈ। ਇਹ ਕਦੇ ਹੁਕਮਰਾਨੀ ਅਤੇ ਖ਼ੁਸ਼ਹਾਲੀ ਦਾ ਮਰਕਜ਼ ਸੀ। ਸਤਵੀਂ ਸਦੀ ਵਿੱਚ ਆਉਣ ਵਾਲੇ ਚੀਨੀ ਯਾਤਰੀ ਹਿਊਨ ਸਾਂਗ ਨੇ ਇਸ ਸ਼ਹਿਰ ਦਾ ਜ਼ਿਕਰ ਕੀਤਾ ਹੈ।

ਪੱਟੀ ਵਿੱਚ ਕਿਸਾਨਾਂ ਨੂੰ ਖੇਤਾਂ ਵਿੱਚ ਹੱਲ ਵਾਹੁੰਦੇ ਵੇਖ ਕੇ ਗੁਰੂ ਨਾਨਕ ਨੇ ਉਨ੍ਹਾਂ ਨਾਲ ਗੱਲ ਤੋਰੀ ਕਿ ਉਹ ਆਪਣੀ ਰੂਹ ਦੀ ਖੇਤੀ ਕਿਵੇਂ ਕਰਦੇ ਹਨ ਅਤੇ ਤਸੱਲੀ ਦੀ ਫ਼ਸਲ ਕਿਵੇਂ ਵਢਦੇ ਹਨ। ਇੱਕ ਕਿਸਾਨ ਨੇ ਗੁਰੂ ਨਾਨਕ ਨੂੰ ਰਹਿਨੁਮਾਈ ਦੀ ਗੁਜ਼ਾਰਿਸ਼ ਕੀਤੀ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਨ ਕੀਤਾ,

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥
ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ॥

ਕਾਹੇ ਗਰਬਸਿ ਮੂੜੇ ਮਾਇਆ॥
ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ॥
(ਸਿਰੀ ਰਾਗ, ਗੁਰੂ ਨਾਨਕ)

ਇਸ ਤਨ ਦੀ ਧਰਤੀ ਵਿੱਚ ਚੰਗੇ ਕਰਮਾਂ ਦਾ ਬੀਜ ਪਾਓ। ਹਾਜ਼ਰਾ-ਹਜ਼ੂਰੀ ਦੀ ਸੋਚ-ਵਿਚਾਰ ਨਾਲ ਇਸ ਦੀ ਸੇਂਜੀ ਕਰੋ ਜਿਸ ਨੇ ਦੁਨੀਆ ਆਪਣੇ ਹੱਥਾਂ ਨਾਲ ਸੰਭਾਲੀ ਹੈ।
ਆਪਣੇ ਮਨ ਨੂੰ ਏਕਾ ਉਗਾਉਣ ਵਾਲਾ ਕਿਸਾਨ ਬਣਾਓ। ਇਸੇ ਰਾਹ ਉੱਤੇ ਚੱਲ ਕੇ ਮੁਕਤੀ ਹਾਸਿਲ ਕੀਤੀ ਜਾ ਸਕਦੀ ਹੈ।
ਐ ਅਗਿਆਨੀ ਮਨੁੱਖ, ਤੈਨੂੰ ਆਪਣੇ ਕੰਮ-ਧੰਦੇ ਦਾ ਇੰਨਾ ਮਾਣ ਕਿਉਂ ਹੈ?
ਮਾਪੇ, ਬੱਚੇ, ਬੀਵੀ ਅਤੇ ਰਿਸ਼ਤੇਦਾਰਾਂ ਨੇ ਅੰਤ ਵੇਲੇ ਸਹਾਈ ਨਹੀਂ ਹੋਣਾ।
(ਸਿਰੀ ਰਾਗ, ਗੁਰੂ ਨਾਨਕ)

ਫ਼ਸਲਾਂ ਉਗਾਉਣ ਦੀ ਤਰਕੀਬ ਰੂਹਾਨੀਅਤ ਦੇ ਰਾਹ ਉੱਤੇ ਚੱਲਣ ਵਰਗੀ ਹੈ। ਭਰਪੂਰ ਖੇਤੀ ਕਰਨ ਵਿੱਚ ਯਕੀਨ ਰੱਖਣ ਵਾਲਾ ਕਿਸਾਨ ਜ਼ਮੀਨ ਵਿੱਚ ਡੂੰਘਾ ਹੱਲ ਚਲਾਉਂਦਾ ਹੈ, ਸੂਝ ਨਾਲ ਬੀਜ ਪਾਉਂਦਾ ਹੈ ਅਤੇ ਦਰਦਮੰਦੀ ਨਾਲ ਫ਼ਸਲ ਪਾਲਦਾ ਹੈ। ਗੁਰੂ ਨਾਨਕ, ਲੋਕਾਂ ਨੂੰ ਇਸ ਸੋਚ ਦਾ ਧਾਰਨੀ ਹੋਣ ਦੀ ਪ੍ਰੇਰਨਾ ਦੇਣ ਲਈ ਖੇਤੀ ਦੀ ਤਸ਼ਬੀਹ ਇਸਤੇਮਾਲ ਕਰਦੇ ਹਨ ਤਾਂ ਕਿ ਲੋਕ ਮਾਅਨਾਖ਼ੇਜ਼ ਜ਼ਿੰਦਗੀ ਵਸਰ ਕਰ ਸਕਣ।

ਪੱਟੀ ਤੋਂ ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਕੁਝ ਵਲ਼ ਪਾ ਕੇ ਖੇਮ ਕਰਨ ਵਿੱਚ ਇੰਡੀਆ-ਪਾਕਿਸਤਾਨ ਦੀ ਸਰਹੱਦ ਲਾਗੇ ਬਾਬਾ ਸ਼ੇਖ਼ ਬ੍ਰਹਮ ਦੀ ਦਰਗਾਹ ਉੱਤੇ ਜਾ ਰਹੇ ਹਾਂ।

ਗੰਜੇ ਸ਼ੱਕਰ (ਬਾਬਾ ਫ਼ਰੀਦ) ਦੇ ਲਾਡਲਿਆ॥
ਮੇਰੀ ਵਿਗੜੀ ਹੋਈ ਬਣਾ ਦੇ॥
ਮੈਂ ਮਰ-ਮਰ ਕੇ ਜਿਊਂ ਰਿਹਾ ਹਾਂ॥
ਮੈਨੂੰ ਜਿਊਂਣਾ ਸਿਖਾ ਦੇ॥
ਬਾਬਾ ਫਰੀਦ ਆਇਆ, ਮੈਂ ਮੰਗਤਾ ਤੇਰੀ ਗਲੀ ਵਿੱਚ॥

ਬਾਬਾ ਸ਼ੇਖ਼ ਬ੍ਰਹਮ ਨੂੰ ਸੇਖ਼ ਇਬਰਾਹਿਮ ਵੀ ਕਹਿੰਦੇ ਹਨ। ਉਹ ਬਾਬਾ ਸ਼ੇਖ਼ ਫ਼ਰੀਦ ਦੀ ਰੂਹਾਨੀ ਗੱਦੀ ਦੇ ਬਾਰ੍ਹਵੇਂ ਜਾਨਸ਼ੀਨ ਸਨ।

**ਅਮਰਦੀਪ ਸਿੰਘ:** ਇਹ ਮਜ਼ਾਰ ਪੀਰ ਬਾਬਾ ਸ਼ੇਖ਼ ਬ੍ਰਹਮ ਦੀ ਹੈ ਜੋ ਗੁਰੂ ਨਾਨਕ ਨੂੰ ਪਾਕਪਟਨ ਵਿੱਚ ਮਿਲੇ ਸਨ।

ਗੁਰੂ ਨਾਨਕ ਆਪਣੀ ਪਹਿਲੀ ਅਤੇ ਤੀਜੀ ਉਦਾਸੀ ਦੌਰਾਨ ਦੋ ਵਾਰ ਪਾਕਪਟਨ ਵਿੱਚ ਬਾਬਾ ਸ਼ੇਖ਼ ਫ਼ਰੀਦ ਦੇ ਦਰਬਾਰ ਗਏ ਅਤੇ ਦੋਵੇਂ ਵਾਰ ਬਾਬਾ ਸ਼ੇਖ਼ ਬ੍ਰਹਮ ਨਾਲ ਸਮਾਂ ਗੁਜ਼ਾਰਿਆ। ਇਸੇ ਤਅੱਲਕ ਵਿੱਚੋਂ ਗੁਰੂ ਨਾਨਕ ਨੇ ਬਾਬਾ ਸ਼ੇਖ਼ ਫ਼ਰੀਦ ਦੀ ਬਾਣੀ ਇਕੱਤਰ ਕੀਤੀ ਜੋ ਬਾਅਦ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤੀ

ਗਈ। ਬਾਬਾ ਸ਼ੇਖ਼ ਫ਼ਰੀਦ ਦੀ ਰੂਹਾਨੀ ਗੱਦੀ ਦੇ ਬਾਰ੍ਹਵੇਂ ਜਾਨਸ਼ੀਨ ਵਜੋਂ ਬਾਬਾ ਸ਼ੇਖ਼ ਬ੍ਰਹਮ ਆਪਣੀ ਜ਼ਿੰਦਗੀ ਪਾਕਪਟਨ ਵਿੱਚ ਗੁਜ਼ਾਰਨ ਤੋਂ ਬਾਅਦ ਪੂਰਬੀ ਪੰਜਾਬ ਵਿੱਚ ਪੂਰੇ ਹੋਏ। ਇਹ ਇਲਾਕਾ ਹੁਣ ਇੰਡੀਆ ਵਿੱਚ ਹੈ।

ਸੰਨ ਉੱਨੀ ਸੌ ਸੰਤਾਲੀ ਦੀ ਵੰਡ ਦੌਰਾਨ ਰੈਡਕਲਿੱਫ਼ ਲਾਇਨ ਰਾਹੀਂ ਦੋ ਇਤਿਹਾਸਕ ਅਸਥਾਨਾਂ ਦੀ ਕਿਸਮਤ ਦਾ ਫ਼ੈਸਲਾ ਕੀਤਾ ਗਿਆ। ਗੁਰੂ ਨਾਨਕ ਦਾ ਜਨਮ ਅਤੇ ਅੰਤਿਮ ਆਰਾਮਗਾਹ ਅਸਥਾਨ ਪਾਕਿਸਤਾਨ ਦਾ ਹਿੱਸਾ ਬਣ ਗਏ ਪਰ ਸ਼ੇਖ਼ ਬ੍ਰਹਮ ਦਾ ਮਜ਼ਾਰ ਇੰਡੀਆ ਵਿੱਚ ਆ ਗਿਆ। ਇਸ ਤਰ੍ਹਾਂ ਦੋਵਾਂ ਮਜ਼ਹਬਾਂ ਦੇ ਜ਼ਿਆਦਾਤਰ ਪੈਰੋਕਾਰ ਆਪਣੇ ਠਿਕਾਣੇ ਮੁਤਾਬਕ ਆਪਣੇ ਇੱਕ ਜਾਂ ਦੂਜੇ ਮਹਿਬੂਬ ਰਹਿਬਰ ਦੇ ਅਸਥਾਨ ਦੀ ਪਹੁੰਚ ਤੋਂ ਸੱਖਣੇ ਹੋ ਗਏ। ਬਾਬਾ ਸ਼ੇਖ਼ ਬ੍ਰਹਮ ਦੀ ਮਜ਼ਾਰ ਦੀ ਸੇਵਾ-ਸੰਭਾਲ ਬੁਨਿਆਦੀ ਤੌਰ ਉੱਤੇ ਖੇਮ ਕਰਨ ਦੀ ਸਿੱਖ ਅਤੇ ਹਿੰਦੂ ਬਰਾਦਰੀ ਕਰਦੀ ਹੈ। ਇਹ ਅਸਥਾਨ ਸਰਹੱਦ ਉੱਤੇ ਬੇਆਬਾਦ ਇਲਾਕੇ ਵਿੱਚ ਆਉਂਦਾ ਹੈ। ਇਹ ਹਫ਼ਤੇ ਵਿੱਚ ਇੱਕ ਦਿਨ ਲਈ ਖੁੱਲ੍ਹਦਾ ਹੈ ਅਤੇ ਇੱਥੇ ਆਉਣ ਦੀ ਇਜਾਜ਼ਤ ਸਿਰਫ਼ ਇੰਡੀਆ ਦੇ ਸ਼ਹਿਰੀਆਂ ਨੂੰ ਮਿਲਦੀ ਹੈ। ਇਹ ਦੇਖਣਾ ਜਜ਼ਬਾਤੀ ਕਰ ਦਿੰਦਾ ਹੈ ਕਿ ਪਾਕਿਸਤਾਨੀ ਸ਼ਰਧਾਲੂ ਆਪਣਾ ਚੜ੍ਹਾਵਾ ਪਾਕਿਸਤਾਨੀ ਰੇਂਜਰਜ਼ ਰਾਹੀਂ ਇੰਡੀਆ ਦੀ ਸੀਮਾ ਸੁਰੱਖਿਆ ਬਲ ਤੱਕ ਪਹੁੰਚਦਾ ਕਰਦੇ ਹਨ ਜੋ ਅੱਗੇ ਮਜ਼ਾਰ ਉੱਤੇ ਚੜ੍ਹਦਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪੱਟੀ ਤੋਂ ਘਵਿੰਡੀ ਦਾ ਸਫ਼ਰ ਕੀਤਾ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਇੰਡੀਆ-ਪਾਕਿਸਤਾਨ ਦੀ ਸਰਹੱਦ ਕੁਝ ਤੈਅ ਨਾਕਿਆਂ ਤੋਂ ਹੀ ਪਾਰ ਕੀਤੀ ਜਾ ਸਕਦੀ ਹੈ। ਇਸ ਲਈ ਅਸੀਂ ਵਾਹਗਾ ਨਾਕੇ ਤੋਂ ਪਾਕਿਸਤਾਨ ਜਾ ਰਹੇ ਹਾਂ ਅਤੇ ਘਵਿੰਡੀ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਾਂਗੇ।

ਘਵਿੰਡੀ ਵਿੱਚ ਅਸੀਂ ਗੁਰਦਵਾਰੇ ਦੇ ਬਚੇ ਹੋਏ ਇੱਕ ਮਾਤਰ ਗੁੰਬਦ ਨੂੰ ਦੇਖਣ ਜਾ ਰਹੇ ਹਾਂ। ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੇ ਇਸ ਇਲਾਕੇ ਵਿੱਚ ਆਉਣ ਦੀ ਯਾਦ ਵਿੱਚ ਇਹ ਗੁਰਦਵਾਰਾ ਬਣਾਇਆ ਗਿਆ ਸੀ।

ਤਾਰਾ ਸਿੰਘ ਨਰੋਤਮ ਨੇ ਅਠਾਰਾਂ ਸੌ ਚੌਰਾਸੀ ਵਿੱਚ ਆਪਣੀ ਕਿਤਾਬ 'ਗੁਰ ਤੀਰਥ ਸੰਗ੍ਰਿਹ' ਵਿੱਚ ਘਵਿੰਡੀ ਦੇ ਇਤਿਹਾਸਕ ਗੁਰਦਵਾਰੇ ਦਾ ਜ਼ਿਕਰ ਕੀਤਾ ਹੈ।

ਸੰਨ ਉੱਨੀ ਸੌ ਸੰਤਾਲੀ ਦੀ ਵੰਡ ਨੇ ਬਰੇ-ਸਗੀਰ ਨੂੰ ਦੋ ਖ਼ੁਦ-ਮੁਖ਼ਤਿਆਰ ਮੁਲਕਾਂ, ਇੰਡੀਆ ਅਤੇ ਪਾਕਿਸਤਾਨ ਵਿੱਚ ਵੰਡ ਦਿੱਤਾ। ਮਜ਼ਹਬੀ ਬੁਨਿਆਦ ਉੱਤੇ ਹੋਈ ਵੰਡ ਕਾਰਨ ਪਾਕਿਸਤਾਨ ਵਿੱਚ ਗੁਰੂ ਨਾਨਕ ਦੇ ਪੈਰੋਕਾਰਾਂ ਦੀ ਗਿਣਤੀ ਘਟ ਗਈ ਜਿਸ ਦੇ ਨਤੀਜੇ ਵਜੋਂ ਗੁਰੂ ਨਾਨਕ ਦੀ ਯਾਦ ਵਿੱਚ ਬਣੇ ਕਈ ਅਸਥਾਨ ਸਮੇਂ ਦੇ ਨਾਲ ਉਜਾੜ ਹੋ ਗਏ।

ਘਵਿੰਡੀ ਪਿੰਡ ਦੇ ਇੱਕ ਬਜ਼ੁਰਗ ਵਾਸੀ ਨੇ ਸਾਨੂੰ ਦੱਸਿਆ ਕਿ ਪਹਿਲਾਂ ਗੁਰਦਵਾਰੇ ਦੀ ਇਮਾਰਤ ਦੇ ਲਾਗੇ ਸਰੋਵਰ ਹੁੰਦਾ ਸੀ। ਹੁਣ ਇਹ ਸਰੋਵਰ ਸੁੱਕ ਗਿਆ ਹੈ ਅਤੇ ਇਸ ਜ਼ਮੀਨ ਉੱਤੇ ਖੇਤੀ ਹੁੰਦੀ ਹੈ।

ਘਵਿੰਡੀ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਜਾਹਮਣ ਪਿੰਡ ਰਾਹੀਂ ਲੰਘੇ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਜਾਹਮਣ ਪਿੰਡ ਦੇ ਗੁਰਦਵਾਰਾ ਰੋੜੀ ਸਾਹਿਬ ਜਾ ਰਹੇ ਹਾਂ ਜੋ ਇੰਡੀਆ-ਪਾਕਿਸਤਾਨ ਦੀ ਸਰਹੱਦ ਦੇ ਲਾਗੇ ਹੈ।

ਭਾਈ ਵਧਾਵਾ ਸਿੰਘ ਨੇ ਜਾਹਮਣ ਪਿੰਡ ਵਿੱਚ ਇਹ ਗੁਰਦਵਾਰਾ ਬਣਾਇਆ ਸੀ।

ਕਾਹਨ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਲਿਖਿਆ ਹੈ ਕਿ ਜਦੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਜਾਹਮਣ ਪਿੰਡ ਵਿੱਚ ਆਏ ਤਾਂ ਉਨ੍ਹਾਂ ਨੇ ਭਾਂਬੜਾ ਜੈਨ ਬਰਾਦਰੀ ਦੇ ਭਾਈ ਨਾਰੀਆ ਨਾਲ ਰੂਹਾਨੀ ਗੋਸ਼ਟਿ ਕੀਤਾ। ਗੁਰੂ ਨਾਨਕ ਦੇ ਫ਼ਲਸਫ਼ੇ ਦੇ ਮਤਵਾਲੇ ਹੋ ਕੇ ਭਾਂਬੜਾ ਬਰਾਦਰੀ ਵਿੱਚੋਂ ਕਈ ਜੀਅ ਉਨ੍ਹਾਂ ਦੇ ਮੁਰੀਦ ਹੋ ਗਏ।

ਜਾਹਮਣ ਦੇ ਗੁਰਦਵਾਰਾ ਰੋੜੀ ਸਾਹਿਬ ਕੋਲ ਉੱਨੀ ਸੌ ਸੰਤਾਲੀ ਦੀ ਵੰਡ ਤੋਂ ਪਹਿਲਾਂ ਮੁਰੱਬਿਆਂ ਦੀ ਮਾਲਕੀ ਸੀ ਅਤੇ ਇੱਥੇ ਸੰਗਤ ਦਾ ਲਗਾਤਾਰ ਆਉਣਾ-ਜਾਣਾ ਸੀ। ਇੱਥੇ ਸਾਲ ਵਿੱਚ ਦੋ ਵਾਰ ਮੇਲਾ ਲਗਦਾ ਸੀ। ਹੁਣ ਇਹ ਗੁਰਦਵਾਰਾ ਉਜਾੜ ਪਿਆ ਹੈ ਇਸ ਦਾ ਵਿਸ਼ਾਲ ਸਰੋਵਰ ਸੁੱਕ ਗਿਆ ਹੈ। ਇਸ ਗੁਰਦਵਾਰੇ ਦੇ ਸ਼ਾਨੋ-ਸ਼ੌਕਤ ਵਾਲੇ ਪਿਛੋਕੜ ਦਾ ਅੰਦਾਜ਼ਾ ਇਨ੍ਹਾਂ ਖੰਡਰਾਂ ਤੋਂ ਹੁੰਦਾ ਹੈ ਜਿੱਥੇ ਕੰਧਾਂ ਉੱਤੇ ਬਣੀਆਂ ਕਲਾ ਕਿਰਤਾਂ ਵਿੱਚ ਦਰਜ ਪ੍ਰੇਰਨਾਦਾਈ ਇਖ਼ਲਾਕੀ ਲੋਕ ਕਹਾਣੀਆਂ ਹੁਣ ਵੀ ਦੇਖੀਆਂ ਜਾ ਸਕਦੀਆਂ ਹਨ।

ਇਹ ਦਿਲਚਸਪ ਹੈ ਕਿ ਇਸ ਗੁਰਦਵਾਰੇ ਦਾ ਨਾਮ ਰੋੜੀ ਸਾਹਿਬ ਹੈ ਜੋ ਕਿ ਐਮਨਾਬਾਦ ਵਾਲੇ ਗੁਰਦਵਾਰੇ ਦਾ ਵੀ ਨਾਮ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਜਾਹਮਣ ਪਿੰਡ ਤੋਂ ਜ਼ਿਲ੍ਹਾ ਬਰਕੀ ਦੇ ਪਿੰਡ ਡੇਰਾ ਚਾਹਲ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਪਿੰਡ ਡੇਰਾ ਚਾਹਲ ਦੇ ਡੇਰਾ ਚਾਹਲ ਗੁਰਦਵਾਰਾ ਜਾ ਰਹੇ ਹਾਂ।

**ਅਮਰਦੀਪ ਸਿੰਘ:** ਪਿੰਡ ਡੇਰਾ ਚਾਹਲ ਵਿੱਚ ਗੁਰੂ ਨਾਨਕ ਦੇ ਨਾਨਕੇ ਸਨ। ਗੁਰੂ ਨਾਨਕ ਦੀ ਭੈਣ ਬੇਬੇ ਨਾਨਕੀ ਦਾ ਜਨਮ ਇਸੇ ਪਿੰਡ ਵਿੱਚ ਹੋਇਆ ਸੀ। ਇਹ ਗੁਰਦਵਾਰਾ ਗੁਰੂ ਨਾਨਕ ਦੇ ਇੱਥੇ ਆਉਣ ਅਤੇ ਬੇਬੇ ਨਾਨਕੀ ਦੇ ਜਨਮ ਦੀ ਯਾਦ ਵਿੱਚ ਬਣਾਇਆ ਗਿਆ ਸੀ।

ਕਿਹਾ ਜਾਂਦਾ ਹੈ ਕਿ ਬਚਪਨ ਵਿੱਚ ਗੁਰੂ ਨਾਨਕ ਅਕਸਰ ਆਪਣੇ ਨਾਨਕੇ ਪਿੰਡ ਆਇਆ ਕਰਦੇ ਸਨ।

ਇਹ ਗੁਰਦਵਾਰਾ ਵੀ ਉੱਨੀ ਸੌ ਸੰਤਾਲੀ ਦੀ ਵੰਡ ਤੋਂ ਬਾਅਦ ਉਜਾੜ ਹੋ ਗਿਆ ਸੀ। ਇਸ ਦੀ ਮੁਰੰਮਤ ਅਤੇ ਸੇਵਾ ਸੰਭਾਲ ਦਾ ਕੰਮ ਪਾਕਿਸਤਾਨ ਦੇ ਕਾਰਜਕਾਲੀ ਤਤਕਾਲੀ ਪ੍ਰਧਾਨ ਮੰਤਰੀ ਮਲਿਕ ਮੇਰਾਜ ਖ਼ਾਲਿਦ ਦੀ

ਪਹਿਲਕਦਮੀ ਨਾਲ ਉੱਨੀ ਸੌ ਸਤੰਨਵੇਂ ਵਿੱਚ ਸ਼ੁਰੂ ਹੋਇਆ। ਉਹ ਆਪ ਵੀ ਇਸੇ ਪਿੰਡ ਦੇ ਰਹਿਣ ਵਾਲੇ ਸਨ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਡੇਰਾ ਚਾਹਲ ਤੋਂ ਤਲਵੰਡੀ ਦਾ ਸਫ਼ਰ ਕੀਤਾ ਜਿਸ ਦਾ ਨਾਮ ਬਾਅਦ ਵਿੱਚ ਨਨਕਾਣਾ ਸਾਹਿਬ ਪੈ ਗਿਆ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਡੇਰਾ ਚਾਹਲ ਤੋਂ ਨਨਕਾਣਾ ਸਾਹਿਬ ਜਾ ਰਹੇ ਹਾਂ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਤਕਰੀਬਨ ਬਾਰਾਂ ਸਾਲਾਂ ਦੇ ਸਫ਼ਰ ਤੋਂ ਬਾਅਦ ਤਲਵੰਡੀ ਪਰਤ ਰਹੇ ਸਨ। ਉਨ੍ਹਾਂ ਦੀ 'ਪਹਿਲੀ ਉਦਾਸੀ' ਪੂਰਬ ਅਤੇ ਦੱਖਣ ਵਾਲੇ ਪਾਸੇ ਦੀ ਸੀ ਜੋ ਪੰਦਰ੍ਹਾਂ ਸੌ ਚਾਰ ਈਸਵੀ ਵਿੱਚ ਸ਼ੁਰੂ ਹੋਈ ਅਤੇ ਅੰਦਾਜ਼ਾ ਬਣਦਾ ਹੈ ਕਿ ਪੰਦਰ੍ਹਾਂ ਸੌ ਸੋਲ੍ਹਾਂ ਈਸਵੀ ਵਿੱਚ ਮੁਕੰਮਲ ਹੋਈ ਜਦੋਂ ਗੁਰੂ ਨਾਨਕ ਦੀ ਉਮਰ ਸੰਤਾਲੀ ਸਾਲ ਸੀ।

ਭਾਈ ਮਰਦਾਨਾ ਆਪਣੇ ਪਰਿਵਾਰ ਨੂੰ ਮਿਲਣ ਚਲੇ ਗਏ ਅਤੇ ਗੁਰੂ ਨਾਨਕ ਆਪਣੇ ਪਰਿਵਾਰ ਨੂੰ ਮਿਲੇ ਜੋ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਸੁਣ ਕੇ ਬਹੁਤ ਖ਼ੁਸ਼ ਸਨ।

ਕੁਝ ਸਮਾਂ ਤਲਵੰਡੀ ਵਿੱਚ ਗੁਜ਼ਾਰਨ ਤੋਂ ਬਾਅਦ ਗੁਰੂ ਨਾਨਕ ਆਪਣੀ ਅਗਲੀ ਉਦਾਸੀ ਉੱਤੇ ਜਾਣ ਦੀ ਮਨਸੂਬਾਬੰਦੀ ਕਰਨ ਲੱਗੇ ਜੋ ਉੱਤਰ ਵਾਲੇ ਪਾਸੇ ਨੂੰ ਸੀ। ਭਾਈ ਮਰਦਾਨਾ ਨੇ ਉਨ੍ਹਾਂ ਦੇ ਸੱਚੇ ਸੰਗੀ ਵਜੋਂ ਹਾਮੀ ਭਰ ਦਿੱਤੀ ਕਿ ਉਹ ਗੁਰੂ ਨਾਨਕ ਦੀਆਂ ਮਾਦੀ ਅਤੇ ਰੂਹਾਨੀ ਉਦਾਸੀਆਂ ਵਿੱਚ ਸ਼ਰੀਕ ਰਹਿਣਗੇ।

ਅਸੀਂ ਆਪਣੀ ਸਮਝ ਮੁਤਾਬਕ ਹਕੀਕਤ ਦਾ ਤਸਵੁੱਰ ਕਰਦੇ ਹਾਂ ਅਤੇ ਇਹੋ ਸਾਡੇ ਅਮਲਾਂ ਉੱਤੇ ਅਸਰਅੰਦਾਜ਼ ਹੁੰਦੀ ਹੈ। ਗੁਰੂ ਨਾਨਕ ਨੇ ਫ਼ਰਮਾਇਆ ਕਿ ਜੇ ਅਸੀਂ ਆਪਣਾ ਆਪ ਜਿੱਤ ਲਈਏ ਤਾਂ ਅਸੀਂ ਸਾਰੀ ਦੁਨੀਆਂ ਜਿੱਤ ਸਕਦੇ ਹਾਂ।

ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥
(ਜਪ, ਗੁਰੂ ਨਾਨਕ)

ਮਨੁੱਖਤਾ ਨੂੰ ਆਪਣੀ ਪੰਥਕ ਅਤੇ ਵਿਵੇਕੀ ਜਮਾਤ ਸਮਝੋ। ਜੇ ਤੁਸੀਂ ਮਨ ਜਿੱਤ ਲਿਆ ਤਾਂ ਸਾਰੀ ਦੁਨੀਆ ਜਿੱਤ ਲਈ।
(ਜਪੁ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੧੭: ਪਰਵਾਸ (ਕਿਆਮ)

ਇਸ ਐਪੀਸੋਡ ਵਿਚ ਚਰਚਾ ਨਾਲ ਸੰਬੰਧਿਤ ਇਹ ਨੁਕਤੇ ਗੁਰੂ ਨਾਨਕ ਦੁਆਰਾ ਕੀਤੀ ਯਾਤਰਾ ਦੇ ਇਤਿਹਾਸਕ ਅਤੇ ਗੂੜ੍ਹ ਦਾਰਸ਼ਨਿਕ ਵਿਰਸੇ ਨੂੰ ਸਮਝਣ ਲਈ ਪ੍ਰਭਾਵਸ਼ਾਲੀ ਵਿਧੀ ਵਿਧਾਨ ਪੇਸ਼ ਕਰਦੇ ਹਨ। ਉਤਰੀ ਭਾਰਤ ਵਿਚ ਉਨ੍ਹਾਂ ਦੁਆਰਾ ਵਿਸਥਾਰ ਵਿਚ ਕੀਤੀ ਯਾਤਰਾ ਵੱਖ-ਵੱਖ ਰੂਹਾਨੀ ਪਰੰਪਰਾਵਾਂ ਨਾਲ ਉਨ੍ਹਾਂ ਦੁਆਰਾ ਕੀਤੇ ਵਾਰਤਾਲਾਪ ਦੀ ਪੜਚੋਲ ਕਰਕੇ, ਅਸੀਂ ਇਹ ਜਾਣਦੇ ਹਾਂ ਕਿ ਗੁਰੂ ਨਾਨਕ ਦਾ ਅਨੁਭਾਵਤਾਮਿਕ ਗਿਆਨ ਵੱਖ-ਵੱਖ ਧਾਰਮਿਕ ਭਾਈਚਾਰਿਆਂ ਨਾਲ ਰਚਾਏ ਸੰਵਾਦ ਰਾਹੀਂ ਵਿਕਸਤ ਹੋਇਆ। ਇਹ ਦਾਰਸ਼ਨਿਕ ਸਵਾਲ ਗੁਰੂ ਨਾਨਕ ਦੇ ਆਤਮ-ਚਿੰਤਨ, ਦੈਵੀ ਸੂਝ, ਨੈਤਿਕ ਕਰਮ ਅਤੇ ਰੂਹਾਨੀ ਅਭਿਆਸ ਦੀ ਵਿਸ਼ੇਸ਼ ਅੰਦਰਦ੍ਰਿਸ਼ਟੀ ਨੂੰ ਉਜਾਗਰ ਕਰਦੇ ਹਨ, ਜਿਨ੍ਹਾਂ ਰਾਹੀਂ ਉਨ੍ਹਾਂ ਦੇ ਸਮੇਂ ਦੀਆਂ ਪ੍ਰਚਲਿਤ ਧਾਰਮਿਕ ਰੂੜੀਆਂ ਨੂੰ ਚੁਣੌਤੀ ਦਿੱਤੀ। ਇਹ ਪ੍ਰਸ਼ਨ ਇਸ ਆਲੋਚਨਾਤਮਕ ਸੂਝ ਵੱਲ ਪ੍ਰੇਰਿਤ ਕਰਦੇ ਹਨ ਕਿ ਗੁਰੂ ਨਾਨਕ ਦਾ ਦ੍ਰਿਸ਼ਟੀਕੋਣ ਸਿਰਫ਼ ਕਰਮਕਾਂਡਾਂ, ਜਾਤੀ ਵੰਡ ਅਤੇ ਕੱਟੜਤਾ ਤੋਂ ਪਾਰ ਕਿਉਂ ਅਤੇ ਕਿਵੇਂ ਸੀ, ਅਤੇ ਇਹ ਕਿਸ ਤਰ੍ਹਾਂ ਚੇਤਨਾ, ਸੰਤੁਲਨ ਅਤੇ ਵਿਸ਼ਵਵਿਆਪੀ ਪ੍ਰੇਮ 'ਤੇ ਆਧਾਰਿਤ ਰਸਤੇ ਦੀ ਵਕਾਲਤ ਕਰਦਾ ਸੀ। ਗੁਰੂ ਨਾਨਕ ਨੇ ਇਕ ਅਜਿਹਾ ਰੂਹਾਨੀ ਮਾਰਗ ਵਿਕਸਤ ਕੀਤਾ ਜੋ ਆਤਮ-ਨਿਯੰਤਰਣ ਰਾਹੀਂ ਚੇਤਨਾ ਦੇ ਰੂਪਾਂਤਰਣ 'ਤੇ ਕੇਂਦਰਿਤ ਸੀ, ਨਾ ਕਿ ਬਾਹਰੀ ਧਾਰਮਿਕ ਆਡੰਬਰਾਂ 'ਤੇ, ਅਤੇ ਇਹ ਅੱਜ ਵੀ ਵੱਖ-ਵੱਖ ਸਾਂਸਕ੍ਰਿਤਿਕ ਅਤੇ ਧਾਰਮਿਕ ਦ੍ਰਿਸ਼ਟੀਕੋਣਾਂ ਨਾਲ ਗੂੜ੍ਹ ਰੂਪ ਵਿਚ ਸੰਬੰਧਿਤ ਹੈ। ਇਹ ਚਰਚਾ ਨੁਕਤੇ ਸਾਨੂੰ ਹੋਰ ਵਧੇਰੇ ਖੋਜ ਕਰਨ ਦੀ ਚੁਣੌਤੀ ਦਿੰਦੇ ਹਨ ਕਿ ਕਿਵੇਂ ਉਨ੍ਹਾਂ ਦੀ ੧੨ ਸਾਲਾਂ ਦੀ ਰੁਪਾਂਤਣਸ਼ੀਲ ਯਾਤਰਾ (੧੫੦੪-੧੫੧੬ ਈ.) ਨੇ ਇਕ ਅਜਿਹੇ ਦਰਸ਼ਨ ਸ਼ਾਸਤ੍ਰ ਦੀ ਨੀਂਹ ਰੱਖੀ ਜੋ ਸਾਡੇ ਸਮਕਾਲੀ ਸੰਸਾਰ ਵਿਚ ਪ੍ਰਭਾਵਸ਼ਾਲੀ ਸੰਵਾਦ ਅਤੇ ਰੂਹਾਨੀ ਖੋਜ ਨੂੰ ਪ੍ਰੇਰਿਤ ਕਰਦਾ ਹੈ।

## ਇਤਿਹਾਸਕ ਚਰਚਾ ਨੁਕਤੇ:

੧. ਇਸ ਐਪੀਸੋਡ ਦੇ ਅਧਾਰ 'ਤੇ ਗੁਰੂ ਨਾਨਕ ਦੁਆਰਾ ਕੀਤੀ ਪਹਿਲੀ ਯਾਤਰਾ ਦਾ ਭੁਗੋਲਿਕ ਦਾਇਰਾ ਕੀ ਸੀ?

ਇਹ ਐਪੀਸੋਡ ਗੁਰੂ ਨਾਨਕ ਦੀ ਚਿਤੌੜਗੜ੍ਹ ਤੋਂ ਅਜਮੇਰ, ਪੁਸ਼ਕਰ, ਮਥੁਰਾ, ਦਿੱਲੀ, ਪਾਣੀਪਤ, ਤਖਤੂਪੁਰਾ, ਸੁਲਤਾਨਪੁਰ ਲੋਧੀ, ਪੱਟੀ, ਘਵਿੰਡੀ, ਜਾਹਮਣ, ਡੇਰਾ ਚਾਹਲ ਰਾਹੀਂ ਨਨਕਾਣਾ ਸਾਹਿਬ ਤੱਕ ਦੀ ਯਾਤਰਾ ਨੂੰ ਦਰਸਾਉਂਦਾ ਹੈ। ਇਹ ਪਹਿਲੀ ਯਾਤਰਾ, ਜਿਸਨੂੰ 'ਪਹਿਲੀ ਉਦਾਸੀ' ਕਿਹਾ ਜਾਂਦਾ ਹੈ, ਲਗਭਗ ਬਾਰਾਂ ਸਾਲ (੧੫੦੪ ਈ. ਤੋਂ ੧੫੧੬ ਈ.) ਤਕ ਚੱਲੀ ਅਤੇ ਇਸਨੇ ਉੱਤਰੀ ਭਾਰਤ ਦੇ ਮੁੱਖ ਧਾਰਮਿਕ ਅਤੇ ਸਾਂਸਕ੍ਰਿਤਿਕ ਕੇਂਦਰਾਂ ਸ਼ਾਮਿਲ ਸਨ। ਇਹ ਵਿਸਥਾਰ ਪੂਰਵਕ ਯਾਤਰਾ ਗੁਰੂ ਨਾਨਕ ਦੇ ਉਦਾਰਵਾਦੀ ਦਰਸ਼ਨ ਅਤੇ ਵੱਖ-ਵੱਖ ਆਸਥਾਵਾਂ ਦੀ ਸੂਝ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ?

੨. ਗੁਰੂ ਨਾਨਕ ਦੁਆਰਾ ਆਪਣੀ ਯਾਤਰਾ ਦੌਰਾਨ ਵੱਖ-ਵੱਖ ਧਾਰਮਿਕ ਵਿਅਕਤੀਆਂ ਨਾਲ ਸੰਵਾਦ ਕਿਵੇਂ ਰਚਾਇਆ ਗਿਆ?
ਇਸ ਐਪੀਸੋਡ ਵਿਚ ਗੁਰੂ ਨਾਨਕ ਦੁਆਰਾ ਵੱਖ-ਵੱਖ ਰੂਹਾਨੀ ਪਰੰਪਰਾਵਾਂ ਦੇ ਅਨੁਯਾਇਆਂ ਨਾਲ ਰਚਾਏ ਸੰਵਾਦ ਦਾ ਵਰਣਨ ਹੈ, ਜਿਵੇਂ ਕਿ ਅਜਮੇਰ ਵਿਚ ਖ਼ਵਾਜਾ ਮੋਇਨੁੱਦੀਨ ਚਿਸ਼ਤੀ ਦੇ ਅਨੁਯਾਈ, ਮਥੁਰਾ ਵਿਚ ਕੇਸ਼ਵ ਦੇਵ ਮੰਦਰ ਦੇ ਵਿਸ਼ਨੂੰ ਭਗਤ ਯਾਤਰੀ, ਜਮੁਨਾ ਘਾਟ ਤੇ ਸ਼ਿਵ ਭਗਤ, ਅਤੇ ਪਾਣੀਪਤ ਵਿਚ ਸੂਫੀ ਸੰਤ ਸ਼ੇਖ ਤਾਹਿਰ। ਇਹ ਵੱਖ-ਵੱਖ ਪਰਸਪਰ ਪ੍ਰਭਾਵ ਗੁਰੂ ਨਾਨਕ ਦੁਆਰਾ ਰਚਾਏ ਅੰਤਰ-ਧਰਮ ਸੰਵਾਦ ਪ੍ਰਤੀ ਪਹੁੰਚ ਅਤੇ ਪ੍ਰਚਾਰ ਦੀ ਬਜਾਏ ਪ੍ਰਤੀਕਿਰਿਆਤਮਕ ਸੰਵਾਦ ਰਾਹੀਂ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਜੁਗਤ ਬਾਰੇ ਕੀ ਪ੍ਰਗਟ ਕਰਦੇ ਹਨ?

੩. ਗੁਰੂ ਨਾਨਕ ਦੀ ਯਾਤਰਾ ਵਿਚ ਸੂਫੀ ਸੰਬੰਧਾਂ ਦਾ ਕੀ ਮਹੱਤਵ ਸੀ?
ਇਸ ਐਪੀਸੋਡ ਵਿਚ ਸੂਫੀ ਪਰੰਪਰਾਵਾਂ ਨਾਲ ਗੁਰੂ ਨਾਨਕ ਦੇ ਮਹੱਤਵਪੂਰਨ ਸੰਬੰਧਾਂ ਨੂੰ ਉਜਾਗਰ ਕੀਤਾ ਗਿਆ ਹੈ, ਖਾਸ ਕਰਕੇ ਅਜਮੇਰ ਵਿਚ ਖ਼ਵਾਜਾ ਮੋਇਨੁੱਦੀਨ ਚਿਸ਼ਤੀ ਦੀ ਦਰਗਾਹ, ਦਿੱਲੀ ਵਿਚ ਮਜਨੂੰ ਦੇ ਟਿੱਲੇ ਉੱਤੇ ਫਕੀਰ ਅਬਦੁੱਲਾ ਨਾਲ ਮੁਲਾਕਾਤ, ਅਤੇ ਪਾਣੀਪਤ ਵਿੱਚ ਸ਼ੇਖ ਤਾਹਿਰ ਨਾਲ ਸੰਵਾਦ। ਇਸਦੇ ਇਲਾਵਾ, ਬਾਬਾ ਸ਼ੇਖ ਬ੍ਰਹਮ, ਜੋ ਕਿ ਬਾਬਾ ਸ਼ੇਖ ਫਰੀਦ ਦੇ ਬਾਰਵੇਂ ਉਤਰਾਧਿਕਾਰੀ ਸਨ, ਨਾਲ ਇਕ ਮਹੱਤਵਪੂਰਨ ਮੁਲਾਕਾਤ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਸ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਸ਼ੇਖ ਫਰੀਦ ਦੀ ਬਾਣੀ ਦਰਜ਼ ਕਰਨ ਵੱਲ ਰਾਹ ਖੋਲ੍ਹਿਆ।

ਇਹ ਸੂਫੀ ਸੰਪਰਕ ਗੁਰੂ ਨਾਨਕ ਦੇ ਰੂਹਾਨੀ ਦ੍ਰਿਸ਼ਟੀਕੋਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ ਅਤੇ ਉਨ੍ਹਾਂ ਦੇ ਦਰਸ਼ਨ ਨੂੰ ਉਦਾਰਵਾਦੀ ਬਣਾਉਣ ਵਿਚ ਕਿਵੇਂ ਯੋਗਦਾਨ ਪਾਉਂਦੇ ਹਨ?

੪. ੧੯੪੭ ਈ. ਦੀ ਵੰਡ ਨੇ ਗੁਰੂ ਨਾਨਕ ਨਾਲ ਸੰਬੰਧਤ ਇਤਿਹਾਸਕ ਥਾਵਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ?
ਇਹ ਐਪੀਸੋਡ ਭਾਵੁਕ ਢੰਗ ਨਾਲ ਦਰਸਾਉਂਦਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਵੰਡ ਕਰਨ ਵਾਲੀ ਰੈਡਕਲਿਫ਼ ਲਕੀਰ ਨੇ ਗੁਰੂ ਨਾਨਕ ਦੇ ਜੀਵਨ ਅਤੇ ਯਾਤਰਾ ਨਾਲ ਸੰਬੰਧਤ ਕਈ ਥਾਵਾਂ ਨੂੰ ਦੋ ਦੇਸ਼ਾਂ ਵਿੱਚ ਵੰਡ ਦਿੱਤਾ। ੧੯੪੭ ਦੀ ਵੰਡ ਨੇ ਭਾਰਤੀ ਉਪਮਹਾਂਦੀਪ ਨੂੰ ਦੋ ਸੰਪੂਰਨ ਰਾਸ਼ਟਰਾਂ ਵਿੱਚ ਵੰਡ ਦਿੱਤਾ, ਅਤੇ ਧਰਮ ਦੇ ਆਧਾਰ 'ਤੇ ਹੋਏ ਬਟਵਾਰੇ ਕਾਰਨ ਪਾਕਿਸਤਾਨ ਵਿਚ ਗੁਰੂ ਨਾਨਕ ਦੇ ਪੈਰੋਕਾਰਾਂ ਦੀ ਗਿਣਤੀ ਘੱਟ ਗਈ, ਜਿਸ ਕਾਰਨ ਉਨ੍ਹਾਂ ਦੀ ਯਾਦ ਵਿਚ ਬਣੇ ਕਈ ਥਾਵਾਂ ਦਾ ਖਾਤਮਾ ਹੋ ਗਿਆ। ਘਵਿੰਡੀ ਦਾ ਗੁਰਦੁਆਰਾ, ਜਾਹਮਣ ਦਾ ਰੋੜੀ ਸਾਹਿਬ ਅਤੇ ਡੇਰਾ ਚਾਹਲ ਵਰਗੇ ਸਥਾਨ ਵੰਡ ਤੋਂ ਬਾਅਦ ਖੰਡਰ ਬਣ ਗਏ ਅਤੇ ਕੁਝ ਥਾਵਾਂ ਨੂੰ ਕਈ ਦਹਾਕਿਆਂ ਬਾਅਦ ਮੁੜ-ਸਥਾਪਿਤ ਕੀਤਾ ਗਿਆ। ਇਹ ਰਾਜਨੀਤਿਕ ਵੰਡ ਅੱਜ ਗੁਰੂ ਨਾਨਕ ਦੀ ਵਿਰਾਸਤ ਬਾਰੇ ਸਾਡੀ ਸਮਝ ਅਤੇ ਇਨ੍ਹਾਂ ਸਥਾਨਾਂ ਦੀ ਸੁਰੱਖਿਆ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?

੫. ਗੁਰੂ ਨਾਨਕ ਦਾ ਆਪਣੇ ਪਰਿਵਾਰ ਅਤੇ ਮਿੱਤਰਾਂ ਨਾਲ ਸੰਬੰਧ ਦਾ ਕੀ ਸਰੂਪ ਸੀ?
ਇਹ ਐਪੀਸੋਡ ਦੱਸਦਾ ਹੈ ਕਿ ਗੁਰੂ ਨਾਨਕ ਨੇ ਸੁਲਤਾਨਪੁਰ ਲੋਧੀ ਵਿਚ ਆਪਣੀ ਭੈਣ ਬੇਬੇ ਨਾਨਕੀ ਨਾਲ ਬਹੁਤ ਸਾਲਾਂ ਬਾਅਦ ਯਾਤਰਾ ਦੌਰਾਨ ਮੁੜ ਮੁਲਾਕਾਤ ਕੀਤੀ। ਇਸ ਵਿਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਡੇਰਾ ਚਾਹਲ ਗੁਰੂ ਨਾਨਕ ਦਾ ਨਾਨਕਾ ਪਿੰਡ ਸੀ ਅਤੇ ਉਹ ਬਚਪਨ ਤੋਂ ਹੀ ਉਸ ਪਿੰਡ ਨਾਲ ਜੁੜੇ ਹੋਏ ਸਨ। ਯਾਤਰਾ ਤੋਂ ਪਹਿਲਾਂ ਉਹ ਸੁਲਤਾਨਪੁਰ ਲੋਧੀ ਵਿੱਚ 'ਮੋਦੀ' (ਰਾਜ ਦੇ ਅਨਾਜ ਘਰ ਦੇ ਅਧਿਕਾਰੀ) ਵਜੋਂ ਕੰਮ ਕਰਦੇ ਸਨ ਅਤੇ ਯਾਤਰਾ ਦੌਰਾਨ ਉਨ੍ਹਾਂ ਨੇ ਉਸ ਸ਼ਹਿਰ ਦਾ ਮੁੜ ਦੌਰਾ ਵੀ ਕੀਤਾ। ਇਹ ਨਿੱਜੀ ਸੰਬੰਧ ਅਤੇ ਆਰੰਭਕ ਜੀਵਨ ਦੇ ਤਜਰਬੇ ਗੁਰੂ ਨਾਨਕ ਦੀ ਰੂਹਾਨੀ ਯਾਤਰਾ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ ਦੀ ਅਰਦਾਸ ਅਤੇ ਰੂਹਾਨੀ ਅਭਿਆਸ ਦੀ ਧਾਰਨਾ ਕਰਮਕਾਂਡੀ ਪਰੰਪਰਾਵਾਂ ਤੋਂ ਕਿਵੇਂ ਵੱਖਰੀ ਹੈ?

ਜਦੋਂ ਖ਼ਵਾਜਾ ਮੋਇਨੁੱਦੀਨ ਚਿਸ਼ਤੀ ਦੇ ਮੁਰੀਦਾਂ ਨੇ ਪੰਜ ਵਾਰ ਨਮਾਜ਼ ਅਦਾ ਕਰਨ ਦੇ ਇਸਲਾਮੀ ਫ਼ਰਜ਼ ਬਾਰੇ ਸਵਾਲ ਕੀਤਾ, ਤਾਂ ਗੁਰੂ ਨਾਨਕ ਨੇ ਇਕ ਸਬਦ ਰਾਹੀਂ ਉਤਰ ਦਿੱਤਾ ਜਿਸ ਵਿਚ ਇਹ ਦਰਸਾਇਆ ਗਿਆ ਕਿ ਸਚਾ ਰੂਹਾਨੀ ਅਭਿਆਸ ਸਿਰਫ਼ ਕਰਮਕਾਂਡਾਂ ਤੋਂ ਪਰੇ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਭਾਵੇਂ ਕੋਈ ਦਿਨ ਵਿੱਚ ਪੰਜ ਵਾਰ ਅਰਦਾਸ ਕਰੇ, ਗ੍ਰੰਥ ਪੜ੍ਹੇ ਅਤੇ ਭੋਜਨ ਤੇ ਪਾਣੀ ਦਾ ਸੇਵਨ ਕਰੇ, ਪਰ ਅਟੱਲ ਸਚ, ਮੌਤ ਦੇ ਸਾਹਮਣੇ ਇਹ ਸਾਰੀਆਂ ਕਿਰਿਆਵਾਂ ਨਿਸਫ਼ਲ ਹੋ ਜਾਂਦੀਆਂ ਹਨ। ਗੁਰੂ ਨਾਨਕ ਨੇ ਜ਼ੋਰ ਦਿੱਤਾ ਕਿ ਪ੍ਰਾਥਨਾਵਾਂ ਮਨ ਨੂੰ ਸੰਸਾਰੀ ਗਤੀਵਿਧੀਆਂ ਤੋਂ ਪਰੇ ਇਕ ਗੰਭੀਰ ਰੂਹਾਨੀ ਸੂਝ ਵੱਲ ਪ੍ਰੇਰਿਤ ਕਰਨ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਸਿਰਫ਼ ਰਸਮੀ ਉਚਾਰਨ ਦਾ ਕੋਈ ਮੁੱਲ ਨਹੀਂ ਜਦੋਂ ਤੱਕ ਇਹ ਲਿੰਗ, ਧਰਮ ਅਤੇ ਸਮਾਜਿਕ ਸਥਿਤੀ ਨਾਲ ਸਬੰਧਤ ਪੱਖਪਾਤ ਤੋਂ ਪਰੇ ਏਕਤਾ ਦੀ ਡੂੰਘੀ ਸੂਝ ਨਾਲ ਲਬਰੇਜ਼ ਨਾ ਹੋਵੇ। ਇਹ ਦ੍ਰਿਸ਼ਟੀਕੋਣ ਪਰੰਪਰਾਵਾਂ ਵਿਚ ਰਵਾਇਤੀ ਧਾਰਮਿਕ ਅਭਿਆਸਾਂ ਨੂੰ ਕਿਵੇਂ ਚੁਣੌਤੀ ਦਿੰਦਾ ਹੈ?

੨. ਗੁਰੂ ਨਾਨਕ ਦੀਆਂ ਰੂਹਾਨੀ ਸਿੱਖਿਆਵਾਂ ਵਿੱਚ ਦਿਵਤਾ ਦੀ ਸਮਝ ਕਿਵੇਂ ਪਰਗਟ ਹੁੰਦੀ ਹੈ?

ਜਦੋਂ ਸੁਲਤਾਨਪੁਰ ਲੋਧੀ ਵਿਚ ਦੈਵੀ ਸਤਾ ਦੇ ਭੌਤਿਕ ਰੂਪ ਬਾਰੇ ਸਵਾਲ ਕੀਤਾ ਗਿਆ, ਤਾਂ ਗੁਰੂ ਨਾਨਕ ਨੇ ਇਕ ਸਬਦ ਰਾਹੀਂ ਉਤਰ ਦਿੱਤਾ ਜਿਸ ਵਿੱਚ ਕਿਹਾ ਕਿ ਜੇਕਰ ਦੈਵੀ ਸਤਾ ਭੌਤਿਕ ਹੁੰਦੀ ਤਾਂ ਉਹ ਨਜ਼ਰ ਆਉਂਦੀ। ਉਸਦਾ ਰੂਪ ਤੇ ਦਰਜਾ ਅਜਿਹਾ ਨਹੀਂ ਕਿ ਅਸੀਂ ਉਸਨੂੰ ਦੇਖ ਸਕੀਏ। ਬ੍ਰਹਿਮੰਡੀ ਤਾਕਤ ਸਾਰੇ ਕੰਮ ਕਰਦੀ ਹੈ ਅਤੇ ਉੱਚ-ਨੀਵਾਂ ਦੋਵਾਂ ਦੇ ਦਿਲਾਂ ਵਿਚ ਵੱਸਦੀ ਹੈ। ਉਸਦਾ ਵਰਣਨ ਸ਼ਬਦਾਂ ਵਿੱਚ ਕਰਨਾ ਆਸਾਨ ਨਹੀਂ। ਫਿਰ ਵੀ, ਗੁਰੂ ਨਾਨਕ 'ਨਿਰਗੁਣ' (ਅਦ੍ਰਿਸ਼ਟ ਗੁਣਾਂ) ਅਤੇ 'ਸਗੁਣ' (ਦ੍ਰਿਸ਼ਟ ਗੁਣਾਂ) ਵਿਚਕਾਰ ਦੇ ਸਬੰਧ 'ਤੇ ਜ਼ੋਰ ਦਿੰਦੇ ਹਨ। ਇਹ ਧਾਰਨਾ ਦੱਸਦੀ ਹੈ ਕਿ ਦਿਵਤਾ ਮੂਲ ਰੂਪ ਵਿੱਚ ਨਿਰਾਕਾਰ ਹੈ, ਪਰ ਉਹ ਸਾਰਿਆਂ ਵਿਚ ਵਿਆਪਕ ਹੈ। ਦੈਵੀ ਸਤਾ ਦੀ ਇਹ ਗੈਰ-ਦਵੈਤਵਾਦੀ ਸਮਝ ਪਰਮਾਤਮਾ ਦੀਆਂ ਹੋਰ ਧਾਰਮਿਕ ਧਾਰਨਾਵਾਂ ਨਾਲ ਕਿਵੇਂ ਤੁਲਨਾ ਕਰਦੀ ਹੈ?

੩. ਗੁਰੂ ਨਾਨਕ ਦਾਨ ਅਤੇ ਇਨਸਾਫ਼ ਦੇ ਸਬੰਧ ਨੂੰ ਕਿਵੇਂ ਸੰਬੋਧਨ ਕਰਦੇ ਹਨ?

ਜਦੋਂ ਦਿੱਲੀ ਵਿਚ ਇਹ ਪੁੱਛਿਆ ਗਿਆ ਕਿ ਕੀ ਉਦਾਰਤਾ ਨਾਲ ਦਾਨ ਕਰਨਾ ਹੀ ਸਚੀ ਸ਼ਰਾਫ਼ਤ ਦੀ ਨਿਸ਼ਾਨੀ ਹੈ, ਤਾਂ ਗੁਰੂ ਨਾਨਕ ਨੇ ਇਸ ਵਿਚਾਰ ਨੂੰ ਚੁਣੌਤੀ ਦਿੱਤੀ। ਉਨ੍ਹਾਂ ਨੇ ਸਮਝਾਇਆ ਕਿ ਬਿਨਾਂ ਸੋਚ-ਵਿਚਾਰ ਕੀਤੇ ਕਰਮ ਮਨ ਨੂੰ ਨਕਾਰਾਤਮਕ ਵਿਚਾਰਾਂ ਨਾਲ ਪ੍ਰਭਾਵਤ ਕਰ ਸਕਦੇ ਹਨ ਅਤੇ ਅਗਿਆਨਤਾ ਵਾਲਾ ਮਨ ਕਿਸੇ ਦੀ ਸਮਰਥਾ ਨੂੰ ਰੋਕ ਸਕਦਾ ਹੈ। ਉਨ੍ਹਾਂ ਨੇ ਇਹ ਵਿਚਾਰ ਇਸ ਤਰ੍ਹਾਂ ਦਰਸਾਇਆ ਜਿਵੇਂ ਕਿਸੇ ਕਮਜ਼ੋਰ ਢਾਂਚੇ ਨੂੰ ਮਿੱਟੀ ਨਾਲ ਢੱਕਣ 'ਤੇ ਉਹ ਟੁੱਟ ਜਾਂਦਾ ਹੈ। ਇਹ ਐਪੀਸੋਡ ਇਸ ਭ੍ਰਮ ਨੂੰ ਉਜਾਗਰ ਕਰਦਾ ਹੈ ਕਿ ਸਿਰਫ਼ ਦਾਨ ਦੇਣ ਨਾਲ ਹੀ ਬੇਇਨਸਾਫ਼ੀ ਤੋਂ ਮੁਕਤੀ ਨਹੀਂ ਪਾਈ ਜਾ ਸਕਦੀ ਹੈ। ਗੁਰੂ ਨਾਨਕ ਨੇ ਕਿਹਾ ਕਿ ਜਿਨ੍ਹਾਂ ਦੇ ਮਨ ਵਿਚ ਭੇਦਭਾਵ ਹੁੰਦੇ ਹਨ, ਉਨ੍ਹਾਂ ਦੇ ਉੱਤਮ ਕਰਮ ਇਕ ਬੰਨ੍ਹ ਵਾਂਗ ਹਨ ਜੋ ਤੇਜ਼ ਹੜ੍ਹਾਂ ਦੀ ਤਾਕਤ ਦਾ ਸਾਹਮਣਾ ਨਹੀਂ ਕਰ ਸਕਦੇ। ਇਹ ਰੂਹਾਨੀ ਸੂਝ ਸਮਕਾਲੀ ਪਰਉਪਕਾਰੀ ਯਤਨਾਂ 'ਤੇ ਕਿਵੇਂ ਲਾਗੂ ਹੁੰਦੀ ਹੈ ਜੋ ਪ੍ਰਣਾਲੀਗਤ ਅਨਿਆਂ ਨੂੰ ਨਜ਼ਰਅੰਦਾਜ਼ ਕਰ ਸਕਦੇ ਹਨ?

੪. ਗੁਰੂ ਨਾਨਕ ਦੁਆਰਾ ਖੇਤੀ ਅਤੇ ਰੂਹਾਨੀ ਵਿਕਾਸ ਵਿਚਕਾਰ ਰੂਪਕ ਰੂਪ ਵਿਚ ਕੀਤੀ ਤੁਲਨਾ ਕੀ ਮਹੱਤਵ ਰੱਖਦੀ ਹੈ?

ਪੱਟੀ ਵਿਚ, ਜਦੋਂ ਕਿਸਾਨਾਂ ਨੇ ਗੁਰੂ ਨਾਨਕ ਕੋਲੋਂ ਆਤਮਾ ਦੀ ਖੇਤੀ ਬਾਰੇ ਮਾਰਗਦਰਸ਼ਨ ਦੀ ਬੇਨਤੀ ਕੀਤੀ, ਤਾਂ ਉਨ੍ਹਾਂ ਨੇ ਇਕ ਰੂਪਕ ਰਾਹੀਂ ਸਮਝਾਇਆ। ਉਨ੍ਹਾਂ ਨੂੰ ਉਪਦੇਸ਼ ਕਰਦਿਆਂ ਕਿਹਾ ਕਿ ਉਹ ਆਪਣੇ ਸਰੀਰ ਨੂੰ ਖੇਤ ਵਾਂਗ ਵੇਖਣ ਜਿਸ ਵਿਚ ਉਹ ਚੰਗੇ ਕਰਮਾਂ ਦੇ ਬੀਜ ਬੀਜ਼ ਸਕਣ। ਇਹ ਬੀਜ ਉਹ ਸਰਬਵਿਆਪਕਤਾ ਦੇ ਵਿਚਾਰਾਂ ਨਾਲ ਸਿੰਝਣ ਅਤੇ ਆਪਣੇ ਮਨ ਨੂੰ ਕਿਸਾਨ ਵਾਂਗ ਵਰਤਣ ਜੋ ਏਕਤਾ ਦਾ ਪਾਲਣ ਕਰੇ। ਇੰਝ ਕਰਕੇ ਉਹ ਮੋਖਸ਼ ਪ੍ਰਾਪਤ ਕਰ ਸਕਦੇ ਹਨ। ਗੁਰੂ ਨਾਨਕ ਨੇ ਜ਼ੋਰ ਦਿੱਤਾ ਕਿ ਜਿਵੇਂ ਫਸਲ ਦੀ ਖੇਤੀ ਵਿਚ ਸਮਰਪਣ ਅਤੇ ਆਸਥਾ ਦੀ ਲੋੜ ਹੁੰਦੀ ਹੈ, ਤਿਵੇਂ ਹੀ ਰੂਹਾਨੀ ਯਾਤਰਾ ਵਿਚ ਵੀ। ਇਕ ਕਿਸਾਨ, ਚੰਗੀ ਫਸਲ ਦੀ ਆਸ ਵਿਚ, ਧਰਤੀ ਨੂੰ ਡੂੰਘਾ ਵਾਹੁੰਦਾ ਹੈ, ਗਿਆਨ ਦੇ ਬੀਜ ਬੀਜਦਾ ਹੈ ਅਤੇ ਉਨ੍ਹਾਂ ਨੂੰ ਕਰੁਣਾ ਨਾਲ ਸਿੰਝਦਾ ਹੈ। ਇਹ ਦ੍ਰਿਸ਼ਟੀਕੋਣ ਦੱਸਦਾ ਹੈ ਕਿ ਆਪਣੀ ਅੰਦਰਲੀ ਆਤਮਾ ਦੀ ਦੇਖਭਾਲ ਕਰਨਾ ਧਰਤੀ ਦੀ ਸੰਭਾਲ ਕਰਨ ਦੇ ਬਰਾਬਰ ਹੈ। ਇਹ ਰੂਪਕ ਧਾਰਮਿਕ ਸੀਮਾਵਾਂ ਤੋਂ ਪਰੇ ਰੂਹਾਨੀ ਵਿਕਾਸ ਲਈ ਇਕ ਵਿਲੱਖਣ ਢਾਂਚਾ ਕਿਵੇਂ ਪੇਸ਼ ਕਰਦਾ ਹੈ?

੫. ਗੁਰੂ ਨਾਨਕ ਦੀ 'ਸਹਜ' ਦੀ ਧਾਰਨਾ ਰੂਹਾਨੀ ਪ੍ਰਤੀਤੀ ਵੱਲ ਕਿਹੋ ਜਿਹਾ ਰਸਤਾ ਦਰਸਾਉਂਦੀ ਹੈ?

ਮਥੁਰਾ ਵਿਚ ਵਿਸ਼ਨੂੰ ਭਗਤ ਤੀਰਥਯਾਤਰੀਆਂ ਵੱਲੋਂ ਦੈਵੀ ਮਿਲਾਪ ਦੇ ਤਰੀਕਿਆਂ ਬਾਰੇ ਪੁੱਛੇ ਜਾਣ 'ਤੇ, ਗੁਰੂ ਨਾਨਕ ਨੇ 'ਸਹਜ' ਦੀ ਧਾਰਨਾ ਪੇਸ਼ ਕੀਤੀ: ਉਹ ਮਿਲਾਪ ਜੋ ਸਹਜ ਭਾਵ ਰਾਹੀਂ ਪ੍ਰਾਪਤ ਹੁੰਦਾ ਹੈ। ਇਸ ਤੋਂ ਬਾਅਦ ਜਨਮ ਮਰਨ ਦਾ ਦੁੱਖ ਨਹੀਂ ਰਹਿੰਦਾ। ‘ਸਹਜ’ਚੇਤਨਾ, ਸੰਤੁਲਨ, ਵਿਸ਼ਵਵਿਆਪੀ ਪਿਆਰ ਅਤੇ ਕੁਦਰਤ ਦੇ ਨਿਯਮ ਦੀ ਸਵੀਕ੍ਰਿਤੀ ਦਾ ਸੁਮੇਲ ਹੈ, ਅਤੇ ਸਰਵ ਵਿਆਪਕ ਸ਼ਕਤੀ ਨਾਲ ਇਕਜੁੱਟ ਹੋਣ ਦੀ ਇੱਕ ਪ੍ਰਭਾਵਸ਼ਾਲੀ ਵਿਧੀ ਹੋ ਸਕਦਾ ਹੈ। ਰੂਹਾਨੀਅਤ ਪ੍ਰਤੀ ਇਹ ਸੰਪੂਰਨ ਪਹੁੰਚ ਨਿਰਧਾਰਤ ਧਾਰਮਿਕ ਅਭਿਆਸਾਂ ਤੋਂ ਕਿਵੇਂ ਵੱਖਰੀ ਹੈ ਅਤੇ ਸਵੈ-ਬੋਧ ਲਈ ਇਕ ਵਧੇਰੇ ਏਕੀਕ੍ਰਿਤ ਮਾਰਗ ਦੀ ਪੇਸ਼ਕਸ਼ ਕਿਵੇਂ ਕਰਦਾ ਹੈ?

੬. ਗੁਰੂ ਨਾਨਕ ਦੇ ਮਨ ਉੱਤੇ ਫਤਿਹ ਦੇ ਸੁਨੇਹੇ ਤੋਂ ਉਨ੍ਹਾਂ ਦੇ ਰੂਹਾਨੀ ਰੂਪਾਂਤਰਣ ਬਾਰੇ ਕੀ ਪਤਾ ਲੱਗਦਾ ਹੈ?

ਐਪੀਸੋਡ ਗੁਰੂ ਨਾਨਕ ਦੇ ਸ਼ਕਤੀਸ਼ਾਲੀ ਸੁਨੇਹੇ ਨਾਲ ਖ਼ਤਮ ਹੁੰਦਾ ਹੈ, ਜਿਸ ਵਿਚ ਉਹ ਸਾਨੂੰ ਸਰਬਸਾਂਝੇ ਭਾਈਚਾਰੇ ਨੂੰ ਸਰਵਉਚ ਗਿਆਨ ਦੇ ਸਰੋਤ ਵਜੋਂ ਦੇਖਣ ਦੀ ਪ੍ਰੇਰਣਾ ਦਿੰਦੇ ਹਨ। ਉਹ ਜ਼ੋਰ ਦਿੰਦੇ ਹਨ ਕਿ ਜੇ ਅਸੀਂ ਆਪਣੇ ਮਨ ਉੱਤੇ ਫਤਿਹ ਹਾਸਲ ਕਰ ਲਈ, ਤਾਂ ਅਸੀਂ ਸੰਸਾਰ ਉੱਤੇ ਫਤਿਹ ਕਰ ਸਕਦੇ ਹਾਂ। ਇਹ ਅੰਦਰੂਨੀ ਅੰਤਰਦ੍ਰਿਸ਼ਟੀ ਦੱਸਦੀ ਹੈ ਕਿ ਸੱਚੀ ਰੂਹਾਨੀ ਫਤਿਹ ਬਾਹਰੀ ਜਿੱਤ ਰਾਹੀਂ ਨਹੀਂ, ਸਗੋਂ ਆਤਮ-ਨਿਯੰਤਰਣ ਰਾਹੀਂ ਮਿਲਦੀ ਹੈ। ਸਾਡੇ ਮਨ ਦੀ ਸਮਝ ਸਾਡੀ ਹਕੀਕਤ ਦੀ ਧਾਰਨਾ ਨੂੰ ਘੜਦੀ ਹੈ ਅਤੇ ਸਾਡੇ ਕਰਮਾਂ ਨੂੰ ਪ੍ਰਭਾਵਿਤ ਕਰਦੀ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਜੇ ਅਸੀਂ ਆਪਣੇ ਆਪ ਨੂੰ ਜਿੱਤ ਲਈਏ, ਤਾਂ ਅੰਤ ਅਸੀਂ ਸੰਸਾਰ ਨੂੰ ਵੀ ਜਿੱਤ ਸਕਦੇ ਹਾਂ। ਇਸ ਅੰਤਰੀਵੀ ਧਿਆਨ ਕੇਂਦਰਤ ਰੂਪਾਂਤਰਣ ਦਾ ਦ੍ਰਿਸ਼ਟੀਕੋਣ ਉਹਨਾਂ ਸਮਾਜਿਕ-ਧਾਰਮਿਕ ਅੰਦੋਲਨਾਂ ਤੋਂ ਕਿਵੇਂ ਵੱਖਰਾ ਹੈ ਜੋ ਬਾਹਰੀ ਤਬਦੀਲੀਆਂ 'ਤੇ ਜ਼ੋਰ ਦਿੰਦੇ ਹਨ?